

ਸੋਵੀਨਰ 2022

ਸਾਮਰਾਜੀ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ
ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਤ 31ਵਾਂ

'ਮੇਲਾ ਗ਼ਦਰੀ ਬਾਬਿਆਂ ਦਾ'



31ਵੇਂ ਮੇਲੇ ਮੌਕੇ ਗ਼ਦਰੀ ਦੇਸ਼ ਭਗਤਾਂ ਨੂੰ ਸੂਹੀ ਸਲਾਮ!



ਕਾਮਰੇਡ ਪ੍ਰੀਤਮ ਸਿੰਘ ਦਰਦੀ

01.01.1951-09.08.2022

ਸਮੁੱਚਾ ਜੀਵਨ ਉਸਾਰੂ ਸਾਹਿਤ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਲੋਕ ਪੱਖੀ ਲਹਿਰਾਂ ਦੇ ਲੇਖੇ ਲਾ ਜਾਣ ਵਾਲੇ ਕਾਮਰੇਡ ਪ੍ਰੀਤਮ ਸਿੰਘ ਦਰਦੀ ਦੀ ਯਾਦ ਨੂੰ ਸਮਰਪਿਤ।

ਵਲੋਂ: ਅਵਤਾਰ ਸਿੰਘ ਅਣਖੀ-ਮਨਦੀਪ ਕੌਰ (ਭਰਾ-ਭਰਜਾਈ), ਗੁਰਪ੍ਰੀਤ ਸਿੰਘ ਅਣਖੀ (ਭਤੀਜਾ), ਜਗਦੀਪ ਸਿੰਘ ਅਣਖੀ-ਰਮਨਦੀਪ ਕੌਰ ਆਸਟ੍ਰੇਲੀਆ (ਭਤੀਜਾ-ਨੂੰਹ) ਸਮੂਹ ਪਰਿਵਾਰ।

ਸੰਪਰਕ : 98762-01118, 99145-65135

ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਨੂੰ ਯਾਦ ਕਰਦਿਆਂ ਕਿਸਾਨ ਅੰਦੋਲਨ ਨੂੰ ਸਮਰਪਤ 31ਵਾਂ

'ਮੇਲਾ ਗ਼ਦਰੀ ਬਾਬਿਆਂ ਦਾ'

ਮੁੱਖ ਸੰਪਾਦਕ:
ਹਰਵਿੰਦਰ ਭੰਡਾਲ

ਸੰਪਾਦਕੀ ਮੰਡਲ:
• ਗੁਰਮੀਤ
• ਚਰੰਜੀ ਲਾਲ ਕੰਗਣੀਵਾਲ
• ਅਮੋਲਕ ਸਿੰਘ
• ਸੁਰਿੰਦਰ ਕੁਮਾਰੀ ਕੋਛੜ
• ਵਿਜੈ ਬੰਬੇਲੀ

ਪ੍ਰਕਾਸ਼ਕ:
ਦੇਸ਼ ਭਗਤ ਪ੍ਰਕਾਸ਼ਨ
ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ
ਫ਼ੋਨ: 0181-2458224
0181-4618224
email:dbycjal@gmail.com
web:ghadarmemorial.com

ਤਤਕਰਾ

ਛਾਪਕ: ਪੰਜ ਆਬ ਪ੍ਰਕਾਸ਼ਨ, 1, 2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜੀ.ਟੀ. ਰੋਡ, ਜਲੰਧਰ, ਫ਼ੋਨ: 0181-2239181

ਸਾਮਰਾਜੀ ਲੁੱਟ, ਫਾਸ਼ੀ ਹੱਲੇ ਵਿਰੁੱਧ ਅਤੇ ਜਮਹੂਰੀ ਹੱਕਾਂ ਲਈ ਸੰਗਰਾਮ ਜਾਰੀ ਰੱਖਣ ਦਾ ਅਹਿਦ

31ਵਾਂ ਗ਼ਦਰੀ ਬਾਬਿਆਂ ਦਾ ਮੇਲਾ ਸਾਮਰਾਜੀ ਅਤੇ ਫਿਰਕੂ ਫਾਸ਼ੀ ਹਮਲੇ ਖਿਲਾਫ਼ ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਿਤ ਹੈ। ਗ਼ਦਰ ਪਾਰਟੀ ਦੇ ਫਾਂਸੀ ਲੱਗੇ ਸਾਥੀਆਂ ਨੇ ਆਪਣੇ ਆਖਰੀ ਸੰਦੇਸ਼ ਵਿੱਚ ਕਿਹਾ ਸੀ ਕਿ, "ਐ ਮਾਤ-ਭੂਮੀ ਤੇਰੇ ਗੁਲਾਮੀ ਦੇ ਬੰਧਨਾਂ ਨੂੰ ਅਸੀਂ ਤੋੜ ਨਹੀਂ ਸਕੇ, ਇਸਦਾ ਸਾਨੂੰ ਦੁੱਖ ਹੈ। ਪਰ ਸਾਨੂੰ ਭਰੋਸਾ ਹੈ ਕਿ ਸਾਡੇ ਪਿੱਛੇ ਰਹੇ ਸਾਥੀ ਇਸ ਕੰਮ ਨੂੰ ਪੂਰਾ ਕਰਨਗੇ। ਜਦ ਤਕ ਇਹਨਾਂ ਵਿਚੋਂ ਇੱਕ ਵੀ ਜਿਉਂਦਾ ਰਿਹਾ। ਆਪਣੇਂ ਕੀਤੇ ਹੋਏ ਪ੍ਰਣ ਤੋਂ ਮੂੰਖ ਨਹੀਂ ਮੋੜੇਗਾ।" ਬਾਹਰ ਰਹਿ ਗਏ ਗ਼ਦਰੀ ਬਾਬਿਆਂ ਨੇ ਤਨ, ਮਨ, ਧਨ ਨਾਲ ਆਖਰੀ ਸਾਹਾਂ ਤੱਕ ਉਹਨਾਂ ਦੇ ਸੁਪਨੇ ਨੂੰ ਪੂਰਾ ਕਰਨ ਦਾ ਯਤਨ ਕੀਤਾ। ਗ਼ਦਰੀ ਬਾਬਿਆਂ ਨੇ ਅੰਗਰੇਜ਼ੀ ਸਾਮਰਾਜ ਵਿਰੁੱਧ ਚੱਲੀਆਂ ਸਾਰੀਆਂ ਹੀ ਲਹਿਰਾਂ ਵਿੱਚ ਆਗੂ ਭੂਮਿਕਾ ਨਿਭਾਈ। ਉਹਨਾਂ ਨੇ ਗ਼ਦਰ ਪਾਰਟੀ ਵੱਲੋਂ ਜਗਾਈ ਜੋਤ ਬੁਝਣ ਨਹੀਂ ਦਿੱਤੀ। ਗ਼ਦਰੀ ਬਾਬਿਆਂ ਵੱਲੋਂ ਸਮਾਜਿਕ ਬਰਾਬਰੀ ਅਤੇ ਨਿਆਂ ਉਪਰ ਟਿਕਿਆ ਸਮਾਜ ਉਸਾਰਨ ਦਾ ਕਾਰਜ ਅਜੇ ਵੀ ਅਧੂਰਾ ਹੈ। ਇਸ ਉਦੇਸ਼ ਦੀ ਪੂਰਤੀ ਦੀ ਜਿੰਮੇਵਾਰੀ ਉਹਨਾਂ ਦੇ ਵਾਰਸਾਂ ਜਿੰਮੇ ਆਉਂਦੀ ਹੈ।

1947 ਦੀ ਸੱਤਾ ਤਬਦੀਲੀ ਤੋਂ ਬਾਦ ਵੀ ਸਾਮਰਾਜੀ ਲੁੱਟ ਖਤਮ ਨਹੀਂ ਹੋਈ। ਸਾਮਰਾਜੀਆਂ ਦੇ ਹਿੱਤ ਸੁਰੱਖਿਅਤ ਰਹੇ। ਪੰਡਤ ਨਹਿਰੂ ਦੀ ਅਗਵਾਈ ਵਾਲੀ ਬਣੀ ਸਰਕਾਰ ਨੇ 1948 ਵਿੱਚ ਸਨਅਤੀ ਨੀਤੀ ਐਲਾਨ ਕਰਦਿਆਂ ਕਿਹਾ ਕਿ ਵਿਦੇਸ਼ੀ ਸਰਮਾਏ ਨੂੰ ਆਪਣੇ ਮੁਨਾਫ਼ੇ ਅਤੇ ਸਰਮਾਇਆ ਆਪੋ-ਆਪਣੇ ਦੇਸ਼ ਵਿਚ ਭੇਜਣ ਦੀ ਖੁੱਲ੍ਹ ਹੋਵੇਗੀ। ਇਸੇ ਤਰ੍ਹਾਂ ਹੀ 1955 ਵਿੱਚ ਜਵਾਹਰ ਲਾਲ ਨਹਿਰੂ ਨੇ ਪਾਰਲੀਮੈਂਟ ਵਿੱਚ ਹਿੰਸਾ ਲੈਂਦਿਆਂ ਕਿਹਾ, "ਮੈਨੂੰ ਹਮੇਸ਼ਾ ਇਹ ਸੁਣ ਕੇ ਹੈਰਾਨੀ ਹੁੰਦੀ ਹੈ ਕਿ ਵਿਦੇਸ਼ੀ ਸਰਮਾਇਆ ਜ਼ਬਤ ਕਰ ਲਵੇ, ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਹ ਅਸਲੀਅਤ ਤੋਂ ਕੋਹਾਂ ਦੂਰ ਹੈ। ਮੈਂ ਇਸ ਦੀ ਕਲਪਨਾ ਵੀ ਨਹੀਂ ਕਰ ਸਕਦਾ।" ਇਸ ਪਿੱਛੋਂ ਜਦੋਂ ਵੀ ਭਾਰਤ ਆਰਥਿਕ ਸੰਕਟ ਵਿੱਚ ਫਸਿਆ ਅਤੇ ਵਿਦੇਸ਼ੀ ਸਿੱਕੇ ਦੇ ਭੰਡਾਰ ਦਾ ਤੋੜਾ ਆਇਆ ਤਾਂ ਭਾਰਤ ਸਰਕਾਰ ਨੇ ਹਮੇਸ਼ਾ ਹੀ ਸਾਮਰਾਜੀਆਂ ਵੱਲੋਂ ਕੰਟਰੋਲ ਕੀਤੀਆਂ ਜਾਂਦੀਆਂ ਸੰਸਥਾਵਾਂ ਵੱਲ ਮੂੰਹ ਕੀਤਾ ਅਤੇ ਉਹਨਾਂ ਦੀਆਂ ਦੇਸ਼ ਵਿਰੋਧੀ ਅਤੇ ਲੋਕ ਵਿਰੋਧੀ ਸ਼ਰਤਾਂ ਪ੍ਰਵਾਨ ਕਰਕੇ ਭਾਰਤੀ ਲੋਕਾਂ ਦੀ ਲੁੱਟ ਵਿੱਚ ਵਾਧੇ ਦਾ ਕੰਮ ਕੀਤਾ। 1991 ਵਿੱਚ ਨਵੀਆਂ ਆਰਥਿਕ ਨੀਤੀਆਂ ਆਉਣ ਨਾਲ ਵਿਦੇਸ਼ੀ ਕੰਪਨੀਆਂ ਲਈ ਆਰਥਿਕਤਾ ਦੇ ਸਾਰੇ ਖੇਤਰਾਂ ਦੀ ਲੁੱਟ ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ। ਦੇਸ਼ ਦੇ ਜਲ, ਜੰਗਲ ਅਤੇ ਜ਼ਮੀਨ ਨੂੰ ਹੜੱਪਣ ਦੀ ਪੂਰੀ ਖੁੱਲ੍ਹ ਹੋ ਗਈ। ਵੱਖ-ਵੱਖ ਰੰਗਾਂ ਦੀਆਂ ਸਰਕਾਰਾਂ ਦੀਆਂ ਨੀਤੀਆਂ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਵਿੱਚ ਅਥਾਹ ਵਾਧਾ ਹੋਇਆ। ਗਰੀਬੀ-ਬੇਰੁਜ਼ਗਾਰੀ ਸਿਖਰਾਂ 'ਤੇ ਪੁੱਜ ਗਈ ਹੈ। ਵਿੱਦਿਆ ਅਤੇ ਸਿਹਤ ਦਾ ਵਪਾਰੀਕਰਨ ਹੋਣ ਕਰਕੇ ਇਹ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। R.S.S.-ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਦੇ ਆਉਣ ਨਾਲ ਦੇਸ਼ ਵਿਰੋਧੀ ਅਤੇ ਲੋਕ ਵਿਰੋਧੀ ਇਹ ਹਮਲਾ ਤੇਜ਼ ਹੋਇਆ ਹੈ। ਮੋਦੀ ਬੜੇ ਮਾਣ ਨਾਲ ਕਹਿੰਦਾ ਹੈ ਕਿ ਜੋ ਕੁਝ ਕਾਂਗਰਸ ਨਹੀਂ ਕਰ ਸਕੀ ਮੈਂ ਉਹ ਅਮਲ ਵਿੱਚ ਕਰਕੇ ਦਿਖਾ ਦਿੱਤਾ ਹੈ। ਕਾਂਗਰਸ ਦੀਆਂ ਲੋਕ-ਵਿਰੋਧੀ ਅਤੇ ਭ੍ਰਿਸ਼ਟ ਨੀਤੀਆਂ ਕਾਰਨ ਲੋਕਾਂ ਦੇ ਭੰਗ ਹੋਏ ਮੋਹ ਦਾ ਲਾਹਾ ਲੈ ਕੇ ਆਪਣੇ ਲੱਛੇਦਾਰ ਭਾਸ਼ਣ ਅਤੇ ਜੁਮਲੇਬਾਜ਼ੀ ਨਾਲ ਲੋਕਾਂ ਦੇ ਵੱਡੇ ਹਿੱਸੇ ਨੂੰ ਆਪਣੇ ਪਿੱਛੇ ਲਾਉਣ ਵਿੱਚ ਸਫ਼ਲ ਹੋਇਆ ਹੈ। ਪਾਰਲੀਮੈਂਟ

ਦੀਆਂ ਜਿੱਤਾਂ ਨੂੰ ਉਹ ਲੋਕ ਫਤਵੇ ਦਾ ਦਰਜਾ ਦੇ ਰਿਹਾ ਹੈ। ਲੋਕਾਂ ਦੇ ਖਾਤਿਆਂ ਵਿਚ ਲੱਖਾਂ ਰੁਪਏ ਪਾਉਣ, ਕਾਲਾ ਧਨ ਵਿਦੇਸ਼ਾਂ ਵਿੱਚੋਂ ਵਾਪਸ ਲਿਆਉਣ, ਕਰੋੜਾਂ ਲੋਕਾਂ ਨੂੰ ਰੁਜ਼ਗਾਰ ਦੇਣ, ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਆਦਿ ਲੋਕ ਲੁਭਾਊਣੇ ਵਾਅਦਿਆਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਵਿੱਚ ਸਫ਼ਲ ਹੋਇਆ ਹੈ। ਲੋਕ-ਪੱਖੀ ਸ਼ਕਤੀਆਂ ਮੋਦੀ ਸਰਕਾਰ ਦੇ ਇਸ ਗੁੰਮਰਾਹਕੁੰਨ ਪ੍ਰਚਾਰ ਨੂੰ ਬੇਪਰਦ ਕਰਨ ਵਿੱਚ ਅਸਫ਼ਲ ਹੋਈਆਂ। R.S.S.-ਭਾਜਪਾ ਨੇ ਉਪਰੋਕਤ ਗੁੰਮਰਾਹਕੁੰਨ ਪ੍ਰਚਾਰ ਦੇ ਨਾਲ-ਨਾਲ ਅੰਧ ਰਾਸ਼ਟਰਵਾਦ ਦਾ ਧੂੰਆਂ-ਧਾਰ ਪ੍ਰਚਾਰ ਕਰਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਤਾਂ ਕਿ ਨਫ਼ਰਤੀ ਪ੍ਰਚਾਰ ਨਾਲ ਲੋਕਾਂ ਵਿੱਚ ਧਰਮ ਅਤੇ ਜਾਤੀ ਦਾ ਪਾੜਾ ਪਾ ਕੇ ਆਪਣੇ ਵੋਟ ਬੈਂਕ ਨੂੰ ਤਕੜਾ ਕੀਤਾ ਜਾ ਸਕੇ। ਹਰ ਵਿਰੋਧੀ ਆਵਾਜ਼ ਨੂੰ ਹਰ ਹਰਬਾ ਵਰਤਕੇ ਦਬਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਰਾਜਨੀਤਕ ਕਾਰਕੁੰਨਾਂ ਅਤੇ ਜਮਹੂਰੀ ਹੱਕਾਂ ਲਈ ਲੜਨ ਵਾਲਿਆਂ ਨੂੰ ਜੇਲ੍ਹਾਂ ਅੰਦਰ ਸੜਨ ਮਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਆਦਿਵਾਸੀਆਂ ਅਤੇ ਜਮਹੂਰੀ ਹੱਕਾਂ ਲਈ ਲੜਨ ਵਾਲੇ ਪਾਦਰੀ ਸਟੇਨਸਵਾਮੀ ਨੂੰ ਜੇਲ੍ਹ ਅੰਦਰ ਬਣਦੀਆਂ ਕਾਨੂੰਨੀ ਸਹੂਲਤਾਂ ਦੇਣ ਤੋਂ ਇਨਕਾਰ ਕਰਕੇ ਮਾਰ ਦਿੱਤਾ ਗਿਆ। ਮੋਦੀ ਸਰਕਾਰ ਵੱਲੋਂ ਕੈਦੀਆਂ ਅਤੇ ਹਵਾਲਾਤੀਆਂ ਨਾਲ ਕੀਤਾ ਜਾਂਦਾ ਇਹ ਵਰਤਾਓ ਅੰਗਰੇਜ਼ਾਂ ਵੱਲੋਂ ਅੰਡੇਮਾਨ ਦੀਆਂ ਜੇਲ੍ਹਾਂ ਵਿਚ ਕੀਤੇ ਜਾਂਦੇ ਵਿਵਹਾਰ ਦੀ ਯਾਦ ਤਾਜ਼ਾ ਕਰਵਾਉਂਦਾ ਹੈ, ਜਿੱਥੇ ਉਹਨਾਂ ਨੂੰ ਪਿੰਜਰੇ ਵਿੱਚ ਬੰਦ ਕਰਨ ਅਤੇ ਕੋੜੇ ਮਾਰਨ ਦੀ ਸਜ਼ਾ ਦਿੱਤੀ ਜਾਂਦੀ ਸੀ। ਇੱਕ ਪਾਸੇ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਰਾਜਨੀਤਕ ਕਾਰਕੁੰਨਾਂ ਅਤੇ ਜਮਹੂਰੀ ਹੱਕਾਂ ਲਈ ਲੜਨ ਵਾਲਿਆਂ ਨੂੰ ਜਮਾਨਤ ਅਤੇ ਪੈਰੋਲ ਲੈਣ ਦੇ ਕਾਨੂੰਨੀ ਅਧਿਕਾਰ ਤੋਂ ਇਨਕਾਰ ਕਰਕੇ ਬਿਨਾਂ ਮੁਕੱਦਮਾ ਚਲਾਇਆਂ ਸਾਲਾਂ ਬੱਧੀ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ, ਦੂਜੇ ਪਾਸੇ ਕਾਤਲਾਂ, ਬਲਾਤਕਾਰੀਆਂ ਅਤੇ ਰਿਸ਼ਵਤਖੋਰਾਂ ਨੂੰ ਰਿਹਾਅ ਹੀ ਨਹੀਂ ਕੀਤਾ ਜਾਂਦਾ ਸਗੋਂ ਉਹਨਾਂ ਨੂੰ ਬੈਂਡ ਵਾਜੇ ਵਜਾ ਕੇ, ਫੁੱਲਾਂ ਦੇ ਹਾਰ ਪਾ ਕੇ, ਭੰਗੜੇ ਪਾ ਕੇ ਸਵਾਗਤ ਕੀਤਾ ਜਾਂਦਾ ਹੈ। ਸਿਆਸੀ ਵਿਰੋਧੀਆਂ ਨੂੰ ਡਰਾ ਧਮਕਾ ਕੇ ਆਪਣੀ ਪਾਰਟੀ ਵਿੱਚ ਸ਼ਾਮਲ ਕਰਕੇ ਪਾਰਟੀ ਸਿਆਸੀ ਇਜਾਰੇਦਾਰੀ ਸਥਾਪਤ ਕਰਨ ਲਈ ਈ.ਡੀ., ਸੀ.ਬੀ.ਆਈ., ਐਨ.ਆਈ.ਏ. ਅਤੇ ਅਜਿਹੀਆਂ ਹੋਰ ਸੰਸਥਾਵਾਂ ਦੀ ਖੁੱਲ੍ਹੇਆਮ ਵਰਤੋਂ ਕੀਤੀ ਜਾਂਦੀ ਹੈ। ਅਦਾਲਤਾਂ ਤੋਂ ਆਪਣੇ ਮਨਮਰਜੀ ਦੇ ਫੈਸਲੇ ਕਰਵਾਏ ਜਾਂਦੇ ਹਨ। ਵਿਦਿਅਕ ਅਦਾਰਿਆਂ ਵਿੱਚੋਂ ਵੀ ਉਸਾਰੂ, ਚੰਗਾ ਅਤੇ ਅਗਾਂਹਵਧੂ ਸੋਚਣ ਵਾਲੇ ਵਿੱਦਿਅਕ ਮਾਹਰਾਂ ਨੂੰ ਅਦਾਰੇ ਛੱਡਣ ਲਈ ਮਜ਼ਬੂਰ ਕੀਤਾ ਜਾਂਦਾ ਹੈ।

ਧਾਰਮਿਕ ਸੰਸਥਾਵਾਂ ਦੇ ਧਰਮ ਗੁਰੂਆਂ ਵੱਲੋਂ ਮੁਸਲਮਾਨਾਂ ਨੂੰ ਕਤਲ ਕਰਨ ਦੇ ਖੁੱਲ੍ਹੇਆਮ ਐਲਾਨ ਕੀਤੇ ਜਾਂਦੇ ਹਨ। ਮੁਸਲਮਾਨਾਂ ਦੇ ਧਾਰਮਿਕ ਸਥਾਨਾਂ ਅੱਗੇ ਮੁਜ਼ਾਹਰੇ ਕਰਕੇ ਭੜਕਾਊ ਭਾਸ਼ਣ ਅਤੇ ਗਾਲ੍ਹ ਮੰਦਾ ਕਰਨਾ ਆਮ ਗੱਲ ਹੋ ਗਈ ਹੈ। ਬਿਨਾਂ ਕਾਨੂੰਨੀ ਪ੍ਰਕਿਰਿਆ ਪੂਰੀ ਕੀਤਿਆਂ ਉਹਨਾਂ ਦੀਆਂ ਜਾਇਦਾਦਾਂ, ਕਾਰੋਬਾਰੀ ਸੰਸਥਾਨਾਂ ਅਤੇ ਰਿਹਾਇਸ਼ੀ ਅਸਥਾਨਾਂ ਉਪਰ ਬਲਡੋਜ਼ਰ ਚੜ੍ਹਾ ਕੇ ਉਹ ਢਹਿ ਢੇਰੀ ਕੀਤੇ ਜਾਂਦੇ ਹਨ ਜਾਂ ਦੇਸ਼ ਛੱਡ ਕੇ ਪਾਕਿਸਤਾਨ ਜਾਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਦਲਿਤਾਂ ਉਪਰ ਹਮਲਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਉਹਨਾਂ ਨੂੰ ਖਾਸ ਪਹਿਰਾਵਾ ਪਹਿਨਣ, ਵਿਆਹ ਸ਼ਾਦੀਆਂ ਵਿੱਚ ਬੈਂਡ ਵਾਜਾ ਵਜਾਉਣ ਅਤੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਕਰਕੇ ਹਮਲਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਮੁਸਲਮਾਨਾਂ ਅਤੇ ਦਲਿਤ ਔਰਤਾਂ ਨਾਲ ਬਲਾਤਕਾਰ ਕਰਕੇ ਸਾੜਨ ਮਾਰਨ ਦੀਆਂ ਵਾਰਦਾਤਾਂ ਵਿੱਚ ਵਾਧਾ ਹੋ ਰਿਹਾ ਹੈ। ਦੇਸ਼ ਦੀ ਵੰਨ-ਸੁਵੰਨਤਾ, ਬਹੁਲਤਾ, ਨਸਲੀ, ਧਾਰਮਿਕ ਅਤੇ ਕੌਮੀਅਤਾਂ ਦੀਆਂ ਪਛਾਣਾਂ ਖਤਮ ਕਰਕੇ ਹਿੰਦੂ ਰਾਸ਼ਟਰ ਬਣਾਉਣ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਹੋ ਰਿਹਾ ਹੈ।

ਆਰ.ਆਰ.ਐਸ.-ਭਾਜਪਾ ਦੀ ਅਗਵਾਈ ਵਾਲੀ ਸਰਕਾਰ ਭਾਵੇਂ ਵਕਤੀ ਤੌਰ 'ਤੇ ਲੋਕਾਂ ਦੀਆਂ ਵਧ ਜ਼ਰੂਰੀ ਲੋੜਾਂ ਦੀ ਪੂਰਤੀ ਲਈ ਲੱਛੇਦਾਰ ਭਾਸ਼ਣਾਂ ਰਾਹੀਂ ਗੁੰਮਰਾਹ ਕਰਨ ਵਿੱਚ ਸਫ਼ਲ ਹੋ ਗਈ ਹੈ ਪਰ ਉਹਨਾਂ ਦਾ ਅਸਲੀ

ਕਿਰਦਾਰ ਅਤੇ ਚੇਹਰਾ ਲੋਕਾਂ ਸਾਹਮਣੇ ਨੰਗਾ ਹੋ ਜਾਵੇਗਾ। ਦੁਨੀਆਂ ਦੇ ਮਹਾਨ ਇਨਕਲਾਬੀ ਲੈਨਿਨ ਅਨੁਸਾਰ, "ਹਾਕਮ ਜਮਾਤਾਂ ਵਕਤੀ ਤੌਰ 'ਤੇ ਲੋਕ-ਪੱਖੀ ਤਾਕਤਾਂ ਦੇ ਵਾਧੇ ਨੂੰ ਰੋਕਣ ਵਿੱਚ ਸਫਲ ਹੋ ਜਾਣ ਪਰ ਤਾਂ ਵੀ ਇਸਦੀ ਮੌਤ ਅਟੱਲ ਹੈ। ਜੀਵਤ ਤੱਤ ਮਰੇ ਤੱਤਾਂ ਉਪਰ ਜਿੱਤ ਪਾ ਲੈਂਦੇ ਹਨ।" ਇਹ ਵੀ ਸੱਚ ਹੈ ਕਿ ਹਾਕਮ ਜਮਾਤਾਂ ਪਾਗਲਾਂ ਦੀ ਤਰ੍ਹਾਂ ਫਰਾਟੇ ਮਾਰ ਲੈਣ, ਜਨੂੰਨ ਖਿਲਾਰ ਲੈਣ, ਅੱਤ ਕਰ ਲੈਣ, ਅਗਾਂਹਵਧੂ ਤਾਕਤਾਂ ਤੋਂ ਬਦਲਾ ਲੈ ਲੈਣ, ਉਹਨਾਂ ਨੂੰ ਕਤਲ ਕਰ ਦੇਣ, ਇਹ ਕੁੱਝ ਸਾਰੀਆਂ ਹੀ ਹਾਕਮ ਜਮਾਤਾਂ ਕਰਦੀਆਂ ਹਨ। ਇਹਨਾਂ ਦੀ ਮੌਤ ਦਾ ਫੈਸਲਾ ਇਤਿਹਾਸ ਨੇ ਪਹਿਲਾਂ ਹੀ ਕੀਤਾ ਹੋਇਆ ਹੈ।

ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਨੇ ਕਿਹਾ ਸੀ ਕਿ ਅੰਡੇਮਾਨ ਜੇਲ੍ਹਾਂ ਵਿੱਚ ਸੌਤ ਦੇਸ਼ ਭਗਤਾਂ ਦੀ ਅਹੂਤੀਆਂ ਦੇਣ ਤੋਂ ਇਲਾਵਾ ਸਾਲਾਂਬੱਧੀ ਪਿੰਜਰਿਆ ਵਿੱਚ ਬੰਦ, 6-6 ਮਹੀਨੇ ਖੜ੍ਹੀ ਹੱਥਕੜੀ ਦੀਆਂ ਸਜ਼ਾਵਾਂ, ਹਮੇਸ਼ਾ ਹੀ ਪੈਰ ਬੇੜੀਆਂ ਅਤੇ ਘੱਟ ਖਾਣੇ ਦੇ ਦੰਡ, ਭੁੱਖ ਹੜਤਾਲਾਂ ਅਤੇ ਸਖਤ ਬੈਂਤਾਂ ਦੀਆਂ ਸਜ਼ਾਵਾਂ ਸਾਹਮਣੇ ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਅਤੇ ਗ਼ਦਰ ਪਾਰਟੀ ਨਾਲ ਸਬੰਧ ਰੱਖਣ ਵਾਲੇ ਬੰਗਾਲੀ ਦੇਸ਼ ਭਗਤਾਂ ਨੇ ਜ਼ੁਲਮ ਅੱਗੇ ਸਿਰ ਨਹੀਂ ਝੁਕਾਇਆ। ਅਖੀਰ ਵਿੱਚ ਉਹ ਅੰਡੇਮਾਨ ਨੂੰ ਤੁੜਵਾਉਣ ਵਿੱਚ ਸਫਲ ਹੋਏ ਅਤੇ ਹਜ਼ਾਰਾਂ ਕੈਦੀਆਂ ਦੀਆਂ ਜਾਨਾਂ ਬਚਾਈਆਂ ਜੋ ਕਿ ਅੰਡੇਮਾਨ ਦੇ ਘਾਤਕ ਪੌਣ ਪਾਣੀ ਅਤੇ ਅੱਤਿਆਚਾਰ ਦਾ ਸ਼ਿਕਾਰ ਹੋ ਜਾਂਦੇ ਸਨ। ਅੱਜ ਵੀ ਜੇਲ੍ਹਾਂ ਅੰਦਰ ਬੰਦ ਹਵਾਲਾਤੀ ਅਤੇ ਕੈਦੀ ਅੰਗਰੇਜ਼ੀ ਰਾਜ ਵਰਗੇ ਜਬਰ ਦਾ ਸਾਹਮਣਾ ਕਰ ਰਹੇ ਹਨ।

ਗ਼ਦਰੀ ਬਾਬਿਆਂ ਦਾ ਇਹ 31ਵਾਂ ਮੇਲਾ ਜੇਲ੍ਹਾਂ ਅੰਦਰ ਬੰਦ ਆਦਿਵਾਸੀ, ਰਾਜਨੀਤਕ ਕਾਰਕੁੰਨਾਂ, ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਜਮਹੂਰੀ ਕਾਰਕੁੰਨਾਂ ਨੂੰ ਇਹ ਸੁਨੇਹਾ ਦੇਵੇਗਾ ਕਿ ਸਰਕਾਰ ਦੇ ਜਬਰ ਦਾ ਮੁਕਾਬਲਾ ਕਰ ਰਹੇ ਬਹਾਦਰੋ! ਅਸੀਂ ਤੁਹਾਡੇ ਨਾਲ ਹਾਂ ਅਤੇ ਤੁਹਾਡੀ ਰਿਹਾਈ ਲਈ ਜ਼ੋਰਦਾਰ ਆਵਾਜ਼ ਬੁਲੰਦ ਕਰਾਂਗੇ। ਗ਼ਦਰੀ ਬਾਬਿਆਂ ਦਾ 31ਵਾਂ ਮੇਲਾ ਲੋਕਾਂ ਨੂੰ ਜਾਗਰਤ ਹੋਣ ਅਤੇ ਲਾਮਬੰਦ ਹੋ ਕੇ ਸੰਘਰਸ਼ ਕਰਨ ਦਾ ਸੱਦਾ ਦੇਵੇਗਾ। ਗ਼ਦਰੀ ਬਾਬਿਆਂ ਦਾ ਇਹ 31ਵਾਂ ਮੇਲਾ R.S.S-ਭਾਜਪਾ ਸਰਕਾਰ ਦੇ ਫਾਸ਼ੀ ਹਮਲਿਆਂ ਦਾ ਲਾਮਬੰਦ ਹੋ ਕੇ ਵਿਰੋਧ ਕਰਨ ਦਾ ਸੱਦਾ ਦੇਵੇਗਾ।

OO

ਅਜਮੇਰ ਸਿੰਘ
(ਪ੍ਰਧਾਨ)

ਗੁਰਮੀਤ
(ਜਨਰਲ ਸਕੱਤਰ)

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ



ਸੰਪਾਦਕੀ

31ਵਾਂ 'ਮੇਲਾ ਗ਼ਦਰੀ ਬਾਬਿਆਂ ਦਾ' ਸਾਮਰਾਜੀ ਅਤੇ ਫ਼ਿਰਕੂ ਫਾਸ਼ੀ ਹੱਲੇ ਖ਼ਿਲਾਫ਼ ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਤ ਕੀਤਾ ਗਿਆ ਹੈ। ਪਿਛਲੇ ਕੁਝ ਵਰ੍ਹਿਆਂ ਵਿੱਚ ਮੁਲਕ ਅੰਦਰ ਸਰਮਾਏ ਦੇ ਧਰੁਵੀਕਰਨ ਦੀ ਰਫ਼ਤਾਰ ਹੈਰਾਨੀਜਨਕ ਤੇਜ਼ੀ ਨਾਲ ਵਧੀ ਹੈ। ਇੱਕ ਪਾਸੇ ਮੁਲਕ ਦੇ ਖਰਬਾਂਪਤੀਆਂ ਦੀ ਗਿਣਤੀ ਵਧ ਰਹੀ ਹੈ ਤਾਂ ਦੂਸਰੇ ਪਾਸੇ ਕਰੋੜਾਂ ਲੋਕਾਂ ਨੂੰ ਜ਼ਿੰਦਗੀ ਦੀਆਂ ਬੁਨਿਆਦੀ ਜ਼ਰੂਰਤਾਂ ਤੋਂ ਵੀ ਮਹਿਰੂਮ ਕੀਤਾ ਜਾ ਰਿਹਾ ਹੈ। ਆਕਸਫੈਮ ਦੀ 2022 ਦੀ ਰਿਪੋਰਟ ਅਨੁਸਾਰ ਮੁਲਕ ਦੇ 10% ਅਮੀਰ ਘਰਾਣਿਆਂ ਨੇ ਮੁਲਕ ਦੀ ਕੁੱਲ ਕੌਮੀ ਦੌਲਤ ਦਾ 77% ਮੱਲਿਆ ਹੋਇਆ ਹੈ। ਪਿਛਲੇ ਇੱਕ ਦਹਾਕੇ ਦੌਰਾਨ ਮੁਲਕ ਦੇ ਖਰਬਪਤੀਆਂ ਦੀ ਦੌਲਤ ਦਸ ਗੁਣਾ ਵਧ ਗਈ ਹੈ ਜਦਕਿ ਸਭ ਤੋਂ ਗਰੀਬ 67 ਕਰੋੜ ਲੋਕਾਂ ਦੀ ਆਮਦਨ ਵਿੱਚ ਵਾਧਾ ਸਿਰਫ਼ 1% ਦਾ ਸੀ। ਇਸ ਰਿਪੋਰਟ ਵਿੱਚ ਇਹ ਅੰਦਾਜ਼ਾ ਵੀ ਲਾਇਆ ਗਿਆ ਹੈ ਕਿ ਸਾਲ 2018 ਤੋਂ 2022 ਦੌਰਾਨ ਹਰ ਰੋਜ਼ 70 ਨਵੇਂ ਅਰਬਾਂਪਤੀ ਪੈਦਾ ਹੋਣਗੇ। ਇਹਨਾਂ ਨਵੇਂ ਅਰਬਾਂਪਤੀਆਂ ਕਾਰਨ ਕਿੰਨੇ ਹੋਰ ਮਿਹਨਤਕਸ਼ ਗਰੀਬੀ ਦੀ ਸਰਕਾਰੀ ਰੇਖਾ ਤੋਂ ਵੀ ਹੇਠਾਂ ਆ ਜਾਣਗੇ, ਇਹਦੇ ਬਾਰੇ ਭਲੀ ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਦੁਖਾਂਤ ਇਹ ਹੈ ਕਿ ਆਰਥਿਕ ਦੁਸ਼ਵਾਰੀਆਂ ਦੇ ਬੋਝ ਹੇਠ ਪਿਸ ਰਹੀ ਲੋਕਾਈ ਨੂੰ ਉਹਨਾਂ ਦੀਆਂ ਸਮੱਸਿਆਵਾਂ ਦੇ ਅਸਲ ਹਲ ਦੱਸਣ ਦੀ ਥਾਂ, ਉਹਨਾਂ ਨੂੰ ਮਜ਼ਹਬੀ ਕੱਟੜਪੰਥੀ ਦੇ ਰਾਹ ਤੋਰਿਆ ਜਾ ਰਿਹਾ ਹੈ। ਸਰਕਾਰੀ ਸਰਪ੍ਰਸਤੀ ਵਾਲਾ ਗੋਦੀ ਮੀਡੀਆ ਦਿਨ-ਰਾਤ ਹਿੰਦੂ-ਮੁਸਲਿਮ ਫ਼ਿਰਕੇ ਕਰਨ ਵਿੱਚ ਰੁੱਝਾ ਹੋਇਆ ਹੈ। ਸੋਸ਼ਲ ਮੀਡੀਆ ਉੱਤੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ ਦੀ ਖੇਡ ਚੱਲ ਰਹੀ ਹੈ। ਤਰ੍ਹਾਂ-ਤਰ੍ਹਾਂ ਦੇ ਆਈ ਟੀ ਸੈੱਲ ਤੇ ਉਹਨਾਂ ਦੇ ਅਸਲ/ਫ਼ੇਕ ਖਾਤੇ ਸਭ ਤਰਾਂ ਦਾ ਝੂਠ ਤੂਫ਼ਾਨ ਸਧਾਰਨ ਲੋਕਾਈ ਨੂੰ ਖਪਤ ਲਈ ਪਰੋਸ ਰਹੇ ਹਨ। ਕੇਂਦਰੀ ਹਕੂਮਤ ਨੇ ਹਿਟਲਰ ਦੇ ਪ੍ਰਾਪੇਗੰਡਾ ਮੰਤਰੀ ਜੋਜ਼ੇਫ਼ ਗੋਇਬਲਜ਼ ਦੀ ਗੱਲ ਚੰਗੀ ਤਰਾਂ ਸਮਝ ਲਈ ਹੋਈ ਹੈ ਕਿ "ਕਿਸੇ ਝੂਠ ਨੂੰ ਇੱਕ ਵਾਰ ਬੋਲਿਆਂ ਉਹ ਝੂਠ ਹੀ ਰਹਿੰਦਾ ਹੈ ਪੰਤੂ ਜੇ ਉਸ ਝੂਠ ਨੂੰ ਹਜ਼ਾਰ ਵਾਰ ਬੋਲਿਆ ਜਾਵੇ ਤਾਂ ਉਹ ਸੱਚ ਬਣ ਜਾਂਦਾ ਹੈ।" ਇਸੇ ਵਿੱਚੋਂ ਹੀ ਇਹ ਹਕੂਮਤ ਮੁਲਕ ਦੇ ਅਜ਼ਾਦੀ ਸੰਗਰਾਮ ਬਾਰੇ ਵੀ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅੰਗਰੇਜ਼ ਹਕੂਮਤ ਨੂੰ ਮਾਫ਼ੀਨਾਮਾ ਦੇ ਕੇ ਰਿਹਾ ਹੋਣ ਵਾਲੇ ਵੀਰ ਸਾਵਰਕਰ ਨੂੰ ਵੱਡਾ ਕ੍ਰਾਂਤੀਕਾਰੀ ਸਾਬਤ ਕੀਤਾ ਜਾ ਰਿਹਾ ਹੈ। ਬੁਲਬੁਲ ਦੀ ਪਿੱਠ ਉੱਤੇ ਬੈਠ ਕੇ ਜੇਲ ਵਿੱਚੋਂ ਨਿੱਕਲ ਜਾਣ ਵਰਗੀਆਂ ਹਾਸੋਹੀਣੀਆਂ ਗੱਲਾਂ ਬੱਚਿਆਂ ਦੀਆਂ ਪਾਠ-ਪੁਸਤਕਾਂ ਵਿੱਚ ਸ਼ਾਮਿਲ ਕੀਤੀਆਂ ਜਾ ਰਹੀਆਂ ਹਨ। ਆਜ਼ਾਦੀ ਲਈ ਸਾਰੇ ਧਰਮਾਂ ਦੇ ਲੋਕਾਂ ਵਲੋਂ ਲੜੀ ਸਾਂਝੀ ਲੜਾਈ ਦੇ ਸੱਚ ਉੱਤੇ ਜ਼ੋਰ ਦੇਣ ਲਈ ਹੀ ਇਸ ਮੇਲੇ ਵਿੱਚ ਨਗਰ ਦਾ ਨਾਂ 'ਮੁਹੰਮਦ ਸਿੰਘ ਆਜ਼ਾਦ ਨਗਰ' ਰੱਖਿਆ ਗਿਆ ਹੈ।

ਖ਼ੁਸ਼ੀ ਦੀ ਗੱਲ ਇਹ ਹੈ ਕਿ ਆਪਣੇ ਏਨੇ ਯਤਨ ਕਰਨ ਦੇ ਬਾਵਜੂਦ ਮੋਦੀ ਹਕੂਮਤ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਏਜੰਡੇ ਉੱਤੇ ਫਿਲਹਾਲ ਬਹੁਤ ਦੂਰ ਤੱਕ ਨਹੀਂ ਜਾ ਸਕੀ। ਇਸ ਦਾ ਇੱਕ ਕਾਰਨ ਹਿੰਦੁਸਤਾਨ ਦੇ ਅਜ਼ਾਦੀ ਸੰਗਰਾਮ ਦੌਰਾਨ ਗ਼ਦਰ ਪਾਰਟੀ ਤੇ ਉਸ ਦੀ ਨਿਰੰਤਰਤਾ ਵਿੱਚ ਸ਼ਾਮਿਲ ਰਹੀਆਂ ਸੰਗਰਾਮੀ ਲਹਿਰਾਂ ਦਾ ਅਵਾਮ ਦੇ ਮਨ ਉੱਤੇ ਪਿਆ ਵਿਆਪਕ ਪ੍ਰਭਾਵ ਹੈ। ਇੰਡੀਅਨ ਨੈਸ਼ਨਲ ਕਾਂਗਰਸ ਦਾ ਭਾਰੂ ਸੱਭਿਆਚਾਰ ਹਿੰਦੂ ਸੀ। ਪਰ ਸਮੇਂ ਸਮੇਂ ਕਿਰਤੀ ਪਾਰਟੀ ਜਿਹੀਆਂ ਲਹਿਰਾਂ ਨੇ ਆਪਣੇ ਜ਼ੋਰ ਉੱਤੇ ਕਾਂਗਰਸ ਦੇ ਇਸ ਪੜੇ ਨੂੰ ਭਾਜ ਦੇਣ ਦਾ ਵੀ ਕੰਮ ਕੀਤਾ ਸੀ। ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਮਹਾਤਮਾ ਗਾਂਧੀ ਦੀ ਹਮਾਇਤ ਪ੍ਰਾਪਤ ਉਮੀਦਵਾਰ ਸੀਤਾਰਮੱਈਆ ਨੂੰ ਹਰਾਉਣ ਪਿੱਛੇ ਕਿਰਤੀ ਪਾਰਟੀ ਅਤੇ ਹੋਰ ਖੱਬੇ-ਪੱਖੀਆਂ ਦਾ ਵੱਡਾ ਯੋਗਦਾਨ ਸੀ। ਅੱਜ ਦੇ ਸਮੇਂ ਜਦੋਂ ਮੁਲਕ ਦੀਆਂ ਤਕਰੀਬਨ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੇ ਹਕੂਮਤ ਅੱਗੇ ਗੋਡੇ ਟੇਕ ਦਿੱਤੇ ਹਨ, ਖੱਬੇ-ਪੱਖੀ ਝੁਕਾਅ ਵਾਲੇ ਲੋਕ/ਲੇਖਕ/ਚਿੰਤਕ/ਕਾਰਕੁੰਨ ਹਕੂਮਤ ਦੀਆਂ ਫਿਰਕਾਪ੍ਰਸਤ ਨੀਤੀਆਂ ਦਾ ਵਿਰੋਧ ਕਰ ਰਹੇ ਹਨ। ਉਹਨਾਂ ਇਸ ਦਾ ਖਮਿਆਜ਼ਾ ਵੀ ਭੁਗਤਿਆ ਹੈ। ਭੀਮਾ ਕੋਰੇਗਾਉਂ ਜਿਹੇ ਕੇਸਾਂ ਅੰਦਰ ਫਸਾ ਕੇ ਕਿੰਨੇ ਹੀ ਬੁੱਧੀਜੀਵੀਆਂ ਕੋਲੋਂ ਅਜ਼ਾਦ ਜੀਵਨ ਦਾ ਹੱਕ ਖੋਹ ਲਿਆ ਗਿਆ ਹੈ। ਇਹ 31ਵਾਂ 'ਮੇਲਾ ਗ਼ਦਰੀ ਬਾਬਿਆਂ ਦਾ' ਉਹਨਾਂ ਸਾਰੇ ਸੰਗਰਾਮੀਆਂ ਨੂੰ ਸਲਾਮ ਕਰਦਾ ਹੈ ਜੋ ਜ਼ਮੀਰ ਦੀ ਅਜ਼ਾਦੀ ਸਾਕਾਰ ਕਰਨ ਦੇ 'ਜੁਰਮ' ਬਦਲੇ ਕੈਦ ਕੀਤੇ ਗਏ ਹਨ। ਇਸੇ ਲਈ ਇਹਨਾਂ ਸਮਿਆਂ ਅੰਦਰ ਇਹ ਮੇਲਾ ਗ਼ਦਰੀ ਬਾਬਿਆਂ ਦੇ ਆਦਰਸ਼ਾਂ ਲਈ ਲੜਨ ਦਾ ਅਹਿਦ ਵੀ ਬਣ ਜਾਂਦਾ ਹੈ।

–ਹਰਵਿੰਦਰ ਭੰਡਾਲ

ਜ਼ਰਾ ਯਾਦ ਕਰੋ ਕੁਰਬਾਨੀ

31ਵੇਂ 'ਮੇਲਾ ਗ਼ਦਰੀ ਬਾਬਿਆਂ ਦਾ' ਮੌਕੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਸਮੇਂ
ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਸੁਵਰਨ ਸਿੰਘ ਵਿਰਕ ਵਲੋਂ ਦਿੱਤਾ ਗਿਆ ਭਾਸ਼ਣ

ਬਸਤੀਵਾਦੀ ਹਾਕਮਾਂ ਦੀ ਗੁਲਾਮੀ ਵਿਚ ਆਉਣ ਵਾਲਾ, ਪੰਜਾਬ ਹਿੰਦੁਸਤਾਨ ਦਾ ਆਖਰੀ ਭੂ ਭਾਗ ਸੀ ਜੋ 29 ਮਾਰਚ 1849 ਈਸਵੀ ਨੂੰ ਕੰਪਨੀ ਸਰਕਾਰ ਦੇ ਅਧੀਨ ਹੋਇਆ ਸੀ ਜਦੋਂਕਿ ਬਾਕੀ ਦੇਸ਼ ਇਸ ਤੋਂ ਸੌ ਸੌ ਸਾਲ ਪਹਿਲਾਂ, ਅੰਗਰੇਜ਼ੀ ਅਲੰਬਰਦਾਰੀ ਹੇਠ ਆ ਚੁੱਕਾ ਸੀ। ਅੰਗਰੇਜ਼ਾਂ ਨੇ ਲਾਹੌਰ ਦਰਬਾਰ ਦੀ ਸਿੱਖ ਸੈਨਾ ਉਪਰ ਫ਼ਤਹਿ ਵੀ ਛਲ ਕਪਟ ਦੁਆਰਾ ਹਾਸਲ ਕੀਤੀ ਸੀ। ਨਵੇਂ ਹਾਕਮਾਂ ਤੋਂ ਜਗੀਰਾਂ ਦੀ ਆਸ ਵਿੱਚ ਲਾਹੌਰ ਦੇ ਬਹੁਤ ਸਾਰੇ ਦਰਬਾਰੀ ਵਫਾਦਾਰੀਆਂ ਬਦਲ ਗਏ ਸਨ। ਭਾਈ ਮਹਾਰਾਜ ਸਿੰਘ ਹੋਰਾਂ ਨੇ ਮਾਰਚ 1849 ਵਾਲੇ ਰਾਵਲਪਿੰਡੀ ਦੇ ਸੈਨਿਕ ਦਰਬਾਰ ਵਿਚ ਬਾਕੀ ਸੈਨਿਕਾਂ ਜਿਉਂ ਆਪਣੇ ਹਥਿਆਰ ਜਮ੍ਹਾਂ ਨਾ ਕਰਵਾਏ, ਸਗੋਂ ਉਹਨਾਂ ਨੇ ਇੱਥੇ ਹੀ ਜੰਗ ਦਾ ਐਲਾਨ ਕਰ ਦਿੱਤਾ ਅਤੇ ਉਹ ਦੀਵਾਨ ਮੂਲ ਰਾਜ ਮੁਲਤਾਨ ਦੀ ਸਹਾਇਤਾ ਲਈ ਕੇਂਦਰੀ ਤੇ ਪੱਛਮੀ ਪੰਜਾਬ ਵਿਚੋਂ ਸੈਨਿਕ ਭਰਤੀ ਕਰਕੇ, ਮੁਲਤਾਨ ਵੱਲ ਵਧਣ ਲੱਗੇ। ਬਾਅਦ ਵਿਚ ਜਿਹੜੇ ਪਿੰਡਾਂ ਵਿਚੋਂ ਭਾਈ ਸਾਹਿਬ ਨੂੰ ਸੈਨਿਕ ਇਮਦਾਦ ਜਾਂ ਲੰਗਰ ਪਾਣੀ ਮਿਲਦਾ ਸੀ, ਅੰਗਰੇਜ਼ਾਂ ਨੇ ਉਹ ਪਿੰਡ ਅੱਗ ਲਾ ਕੇ ਸਾੜ ਦਿੱਤੇ। ਭਾਈ ਮਹਾਰਾਜ ਸਿੰਘ ਕਿਉਂਕਿ ਬਾਬਾ ਬੀਰ ਸਿੰਘ ਨੌਰੰਗਾਬਾਦੀਆਂ ਦੇ ਚੇਲੇ ਸਨ ਜੋ ਸਿੱਖ ਸੈਨਾਵਾਂ ਹੱਥੋਂ ਅਪਰੈਲ 1844 ਵਿਚ ਸ਼ਹੀਦ ਹੋਏ ਸਨ, ਕਿਉਂ ਜੋ ਉਹਨਾਂ ਮਹਾਰਾਜਾ ਰਣਜੀਤ ਸਿੰਘ ਦੇ ਦੋ ਸਾਹਿਬਜ਼ਾਦਿਆਂ, ਕੰਵਰ ਕਸ਼ਮੀਰ ਸਿੰਘ ਤੇ ਕੰਵਰ ਪਿਸ਼ੌਰਾ ਸਿੰਘ ਨੂੰ ਡੋਗਰਿਆਂ ਦੇ ਕਹਿਣ 'ਤੇ ਲਾਹੌਰ ਦਰਬਾਰ ਦੀ ਫੌਜ ਦੇ ਹਵਾਲੇ ਨਹੀਂ ਸੀ ਕੀਤਾ। ਭਾਈ ਮਹਾਰਾਜ ਸਿੰਘ ਜੀ ਬਾਬਾ ਬੀਰ ਸਿੰਘ ਦੇ ਅਧਿਆਤਮਕ ਵਾਰਸ ਬਣੇ। ਉਹ ਮਾਰਚ ਤੋਂ ਦਸੰਬਰ 1849 ਤੱਕ ਰੂਪੋਸ਼ ਹੋ ਕੇ ਸਾਂਝਾ ਪੰਜਾਬ ਸਮੇਤ ਪਹਾੜੀ ਇਲਾਕਾ, ਘੁੰਮ ਕੇ ਅੰਗਰੇਜ਼ ਸਰਕਾਰ ਵਿਰੁੱਧ ਬਗਾਵਤ ਦਾ ਪਰਚਾਰ ਕਰਦੇ ਰਹੇ। ਪਕੜੇ ਜਾਣ ਤੇ ਸੇਵਕ ਭਾਈ ਖੜਕ ਸਿੰਘ ਸਮੇਤ ਸਿੰਘਾਪੁਰ ਦੀ ਇਕ ਜਿਹਲ ਵਿਚ ਕੋਠੀਬੰਦ ਕਰ ਦਿੱਤੇ ਗਏ, ਜਿੱਥੇ ਨਾ ਹਵਾ ਆਉਂਦੀ ਸੀ ਨਾ ਸੂਰਜ ਦੀ ਧੁੱਪ। ਭਾਈ ਸਾਹਿਬ ਕੈਂਸਰ ਤੋਂ ਪੀੜਿਤ ਹੋ ਗਏ। ਪਹਿਲਾਂ ਅੱਖਾਂ ਦੀ ਰੋਸ਼ਨੀ ਗਈ ਤੇ ਫਿਰ ਤਿਲ ਤਿਲ ਕਰਦਿਆਂ 5 ਜੁਲਾਈ 1856 ਨੂੰ ਆਪਣੇ ਪ੍ਰਾਣ ਸੁਤੰਤਰਤਾ ਦੀ ਬਲੀ ਵੇਦੀ ਤੇ ਹੋਮ ਕਰ ਗਏ। ਦੁਆਬੇ ਅਤੇ ਮਾਝੇ ਵਿਚ ਉਹਨਾਂ ਦੀ ਗੁਰੂਆਂ ਜਿਉਂ ਮਾਨਤਾ ਸੀ।

ਲਾਹੌਰ ਦਰਬਾਰ ਦੇ ਜਿਹੜੇ ਅਹੁਦੇਦਾਰ ਜਾਂ ਹੋਰ ਸਰਦਾਰ ਅੰਗਰੇਜ਼ਾਂ ਦੁਆਰਾ ਖਰੀਦੇ ਨਾ ਗਏ, ਉਹਨਾਂ ਨੂੰ ਦੇਸ਼ ਨਿਕਾਲਾ ਦੇ ਕੇ ਪਹਿਲਾਂ ਅਲਾਹਾਬਾਦ ਦੇ ਕਿਲੇ ਵਿਚ ਰੱਖਿਆ, ਫਿਰ ਅੱਗੇ ਤੋਰ ਦਿੱਤਾ। ਇਹਨਾਂ ਵਿਚੋਂ ਪ੍ਰਮੁੱਖ ਸਨ-ਦੀਵਾਨ ਮੂਲ ਰਾਜ ਮੁਲਤਾਨ, ਰਣਗੜ੍ਹ ਅਟਾਰੀ ਨੇੜੇ ਦਾ ਸ੍ਰ. ਨਰਾਇਣ ਸਿੰਘ, ਰਾਜਾ ਸੰਸਾਰ ਚੰਦ ਕਾਂਗੜਾ ਦਾ ਪੋਤਰਾ, ਰਾਜਾ ਪਰਮੋਦ ਚੰਦਰ ਕਟੋਚ ਮਹਿਲ ਮੋਰੀ, ਦਾਤਾਰ ਪੁਰ ਦਾ ਰਾਜਾ ਜਗਤ ਚੰਦ ਅਤੇ ਉਸਦਾ ਪੁੱਤਰ ਦੇਵੀ ਸਿੰਘ, ਰਾਮ ਸਿੰਘ ਨੂਰਪੁਰੀਆ, ਬੇਦੀ ਬਿਕਰਮ ਸਿੰਘ ਊਨਾ, ਅੱਛਰ ਸਿੰਘ, ਸ੍ਰ. ਚਤਰ ਸਿੰਘ ਅਟਾਰੀ ਵਾਲਾ ਤੇ ਉਸਦੇ ਤਿੰਨ ਪੁੱਤਰ, ਰਾਜਾ ਸ਼ੇਰ ਸਿੰਘ, ਸ੍ਰ. ਗੁਲਾਬ ਸਿੰਘ ਅਤੇ ਬਿਸ਼ਨ ਸਿੰਘ, ਸ੍ਰ. ਲਾਲ ਸਿੰਘ ਅਤੇ ਮਹਿਤਾਬ ਸਿੰਘ ਮੋਚਾਰੀਆ, ਦੀਵਾਨ ਹਾਕਮ ਰਾਇ ਅਤੇ ਉਸਦੇ ਦੋ ਪੁੱਤਰ ਕ੍ਰਿਸ਼ਨ ਕੁਮਾਰ ਅਤੇ ਅਰਜਨ ਸਿੰਘ। ਰਾਜਾ ਸੂਰਤ ਸਿੰਘ ਮਜੀਠੀਆ ਵੀ ਭਾਈ ਮਹਿਰਾਜ ਸਿੰਘ ਦਾ ਪੱਕਾ ਚੇਲਾ ਸੀ, ਜੋ 1848-49 ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਲੜਿਆ ਸੀ। ਉਸਦੀ ਤੀਰ

ਹਜ਼ਾਰ ਰੁਪੈ ਸਾਲਾਨਾ ਆਮਦਨ ਵਾਲੀ ਜਾਗੀਰ ਜਬਤ ਕਰਕੇ, ਦੋ ਵਿਧਵਾ ਮਾਤਾਵਾਂ ਅਤੇ ਇਕ ਭੈਣ ਨਾਲ 300 ਰੁਪੈ ਮਾਸਿਕ ਪੈਨਸ਼ਨ ਦੇ ਕੇ ਬਨਾਰਸ ਵਿਚ ਨਜ਼ਰਬੰਦ ਕਰ ਦਿੱਤਾ। ਸੰਨ 1864 ਵਿਚ ਪੰਜਾਬ ਵਾਪਸ ਭੇਜਿਆ ਪਰ ਜਾਗੀਰ ਬਹਾਲ ਨਾ ਕੀਤੀ।

12 ਅਪਰੈਲ 1857 ਨੂੰ ਵੈਸਾਖੀ ਦੇ ਪਵਿੱਤਰ ਦਿਹਾੜੇ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਿਖੇ ਪੰਜ ਸਿੰਘਾਂ ਨੂੰ ਖੰਡੇ-ਬਾਟੇ ਅੰਮ੍ਰਿਤ ਛਕਾ ਕੇ, ਨਾਮਧਾਰੀ ਸੰਤ ਖਾਲਸਾ ਦੀ ਬੁਨਿਆਦ ਰੱਖੀ। ਜਿੱਥੇ ਇਹ ਗੁਰੂ ਨਾਨਕ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਆਚੀ ਹੋਈ ਸਿੱਖੀ ਨੂੰ ਮੁੜ ਖੋਜਣ ਦਾ ਉਪਰਾਲਾ ਸੀ, ਉੱਥੇ ਆਪ ਨੇ ਇਸੇ ਦਿਨ ਇੱਥੇ ਇਕ ਤਿਕੋਣਾ ਸਫ਼ੈਦ ਪਰਚਮ, ਖੰਡਾ ਜੜੇ ਬਾਂਸ ਤੇ ਲਹਿਰਾ ਕੇ, ਆਪਣੀ ਪ੍ਰਭੂ ਸੱਤਾ ਦਾ ਐਲਾਨ ਕਰਦਿਆਂ, ਕੂਕਾ ਸੰਗਰਾਮ ਦੀ ਵਿੱਢ ਦਿੱਤਾ ਸੀ। ਸਤਿਗੁਰੂ ਜੀ ਨੇ ਵਿਉਪਾਰਕ ਸਰਮਾਏਦਾਰੀ ਦੀ ਨੁਮਾਇੰਦਗੀ ਕਰਨ ਵਾਲੀ ਭਾਰਤ ਦੀ ਅੰਗਰੇਜ਼ੀ ਸਰਕਾਰ ਨੂੰ "ਅਸਹਿਯੋਗ" ਅਤੇ "ਨਾ ਮਿਲਵਰਤਣ" ਦੇ ਹਥਿਆਰਾਂ ਨਾਲ ਚਿੱਤ ਕਰਨ ਦਾ ਨਿਸ਼ਾਨਾ ਮਿਥਿਆ ਸੀ। ਐਨਸਾਈਕਲੋਪੀਡੀਆ ਆਫ ਬਰਿਟੇਨਕਾ ਵਿਚ ਦਰਜ ਹੈ ਕਿ "ਗੁਰੂ ਰਾਮ ਸਿੰਘ ਜੋ ਕਿ ਇਕ ਸਿੱਖ ਦਾਰਸ਼ਨਿਕ ਹੈ ਉਹ ਪਹਿਲਾ ਭਾਰਤੀ ਹੈ ਜਿਸ ਨੇ ਬਰਤਾਨਵੀ ਸੰਸਥਾਵਾਂ ਨਾਲ ਅਸਹਿਯੋਗ ਅਤੇ ਅੰਗਰੇਜ਼ੀ ਮਿੱਲਾਂ ਵਿਚ ਬਣੇ ਮਾਲ ਨਾਲ ਪੂਰਨ ਤੌਰ 'ਤੇ ਨਾ ਮਿਲਵਰਤਨ ਨੂੰ, ਇਕ ਰਾਜਨੀਤਿਕ ਹਥਿਆਰ ਦੇ ਤੌਰ 'ਤੇ ਵਰਤਿਆ ਹੈ। ਸਤਿਗੁਰੂ ਜੀ ਸਮਝਦੇ ਸਨ ਕਿ ਜਿਹੜੇ ਸਿੱਖ ਸਰਦਾਰ ਅੰਗਰੇਜ਼ਾਂ ਦੀ ਈਨ ਮੰਨ ਕੇ ਗੋਰਿਆਂ ਦੀ ਗੁਲਾਮੀ ਵਿਚ ਚਲੇ ਗਏ ਹਨ, ਉਹ ਸਭ ਇਸ ਵੇਲੇ 'ਮਲੇਛ ਖਾਲਸਾ' ਦਾ ਰੂਪ ਧਾਰ ਚੁੱਕੇ ਹਨ ਤੇ ਜਾਗਦੀ ਜ਼ਮੀਰ ਵਾਲਿਆਂ ਨੂੰ ਆਪਣੇ ਨਾਲ ਜੋੜਕੇ, ਸੰਘਰਸ਼ ਦੇ ਪਿੜ ਵਿਚ ਕੁੱਦਣ ਦਾ ਸੱਦਾ ਦਿੱਤਾ ਗਿਆ ਹੈ। ਸੋ ਜਿਹੜੇ ਸਿੰਘ ਗੁਰਮਤਿ ਅਨੁਸਾਰੀ ਜੀਵਨ ਜਿਊਣ ਦੇ ਇਸ ਨਵੇਂ ਪੰਧ ਤੇ ਚੱਲਣਗੇ ਉਹ ਸਭ 'ਨਾਮਧਾਰੀ-ਸੰਤ ਖ਼ਾਲਸਾ' ਦਾ ਭਾਗ ਬਣਨਗੇ। ਕੂਕੇ 'ਕਿਉਂਕਿ ਆਪਣੇ ਦੀਵਾਨਾਂ ਵਿਚ ਉੱਚੀ ਉੱਚੀ' ਵਿਦੇਸ਼ੀ ਸਰਕਾਰ ਵਿਰੁੱਧ ਸ਼ਬਦ ਪੜ੍ਹਿਆ ਕਰਦੇ ਸਨ ਤਾਂ ਇਹਨਾਂ ਨੂੰ ਸਧਾਰਨ ਜਨ ਨੇ ਕੂਕੇ ਕਹਿਣਾ ਸ਼ੁਰੂ ਕਰ ਦਿੱਤਾ। ਕੂਕਾ ਅੰਦੋਲਨ ਜਾਂ 'ਕੂਕਾ ਲਹਿਰ' ਉਸ ਰਾਜਨੀਤਿਕ ਘਟਨਾਵਲੀ ਵੱਲ ਇਸ਼ਾਰੇ ਕਰਦੀ ਹੈ ਜੋ ਕੋਈ 14 ਕੁ ਸਾਲਾਂ ਵਿਚ ਕੂਕਾ ਲਹਿਰ ਨੂੰ ਇਕ ਸ਼ਕਤੀਸ਼ਾਲੀ ਲੋਕ ਲਹਿਰ ਵਿਚ ਬਦਲ ਦਿੰਦੀ ਹੈ। ਲੋਕ ਗੀਤ ਹੈ-

"ਕੂਕਿਆਂ ਦਾ ਪੰਥ ਨਿਰਾਲਾ
ਹੱਥਾਂ ਦੇ ਵਿਚ ਗੜਵੇ ਰੱਖਦੇ,
ਗਲ ਵਿਚ ਉੱਨ ਦੀ ਮਾਲਾ
ਗਹਿਣਾ ਗੱਟਾ ਮੂਲ ਨਾਂ ਪਾਉਂਦੇ
ਸਿੱਧਾ ਰੱਖਦੇ ਚਾਲਾ
ਅੰਗਰੇਜ਼ਾਂ ਦੀ ਈਨ ਨਾ ਮੰਨਦੇ
ਮੰਗਿਆਂ ਦੇਣ ਨਾ ਹਾਲਾ
ਰਾਜ ਫਰੰਗੀਆਂ ਦਾ
ਚੰਦ ਰੋਜ਼ ਦਾ ਚਾਲਾ
ਰਾਜ ਫਰੰਗੀਆਂ..."

ਸਤਿਗੁਰੂ ਜੀ ਦੇ ਇਸ ਪੰਥ/ਜਾਂ ਲਹਿਰ ਵਿਚ ਪਿੰਡਾਂ ਦੇ ਕਿਰਤੀ, ਕਿਰਸਾਨ, ਦਸਤਕਾਰ, ਹਟਵਾਈਏ ਆਦਿ ਮਾਈ-ਭਾਈ, ਲੱਖਾਂ ਦੀ ਗਿਣਤੀ ਵਿਚ ਜੁੜ ਗਏ। ਨਾਰੀ ਜਾਤੀ ਲਈ ਆਪ ਦਾ ਸਭ ਤੋਂ ਵੱਡਾ ਕਾਰਜ ਸੀ, ਲੋਕਾਂ ਨੂੰ ਜੰਮਦੀਆਂ ਲੜਕੀਆਂ ਮਾਰਨ ਦੀ ਭੈੜੀ ਰੀਤੀ ਤੋਂ ਛੁਟਕਾਰਾ ਦਿਵਾਉਣਾ। ਔਰਤਾਂ ਨੂੰ ਵੀ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ, ਜੋ ਪਹਿਲਾਂ ਨਹੀਂ ਛਕਾਇਆ ਜਾਂਦਾ ਸੀ। ਨਾਰੀ ਪੁਰਖ ਸਮਾਨਤਾ ਦਾ ਮੁੱਢ ਬੰਨ੍ਹਣਾ। ਦਾਜ ਦਹੇਜ, ਲਗਨ ਸ਼ਗਨ ਤੋਂ ਬਿਨਾਂ ਅੰਤਰ ਜਾਤੀ ਖੁੱਲ੍ਹੇ ਮੁੰਦ ਸੰਗਤ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਲਾਵਾਂ ਦੇ ਪਾਠ ਨਾਲ ਅਨੰਦ ਮਰਿਆਦਾ ਤੋਰਨੀ। ਲੜਕੀਆਂ ਵੇਚਣ, ਵੱਟਾ ਕਰਨ, ਬਾਲੂ ਜਾਂ ਅਨਜੋੜ ਵਿਆਹਾਂ ਤੇ ਰੋਕ ਲਾਉਣੀ ਅਤੇ ਵਿਧਵਾ ਵਿਆਹਾਂ ਦੀ ਪ੍ਰਚਲਨ ਇਤਿਆਦਿਕ ਕਾਰਵਾਈਆਂ ਸਦਕਾ ਔਰਤਾਂ ਵੱਡੀ

ਗਿਣਤੀ ਵਿਚ ਆਪ ਦੇ ਅੰਦੋਲਨ ਦਾ ਭਾਗ ਬਣੀਆਂ। ਮਾਤ ਭਾਸ਼ਾ ਪੰਜਾਬੀ ਦੇ ਪਰਚਾਰ ਪਰਸਾਰ ਲਈ ਉਪਰਾਲੇ ਕਰਦਿਆਂ, ਇਸਤਰੀ ਵਿੱਦਿਆ ਤੇ ਵੀ ਜ਼ੋਰ ਦਿੱਤਾ। ਆਪ ਨੇ ਆਪਣੇ ਇਕ ਸਹਿਯੋਗੀ ਦੀਵਾਨ ਬੂਟਾ ਸਿੰਘ ਲਾਹੌਰ ਵਾਲੇ ਤੋਂ ਉਸਦੇ ਪ੍ਰੈਸ ਵਿਚੋਂ ਪਹਿਲੀ ਵੇਰ ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ ਗੁਰਬਾਣੀ ਦੀਆਂ ਪੋਥੀਆਂ, ਗੁਟਕੇ ਆਦਿ ਛਪਵਾਏ। ਇਸ ਤਰ੍ਹਾਂ ਪੰਜਾਬ ਦੀ ਨਾਂ ਸਿਰਫ ਸਿੱਖ ਕੌਮ ਦਾ ਵੱਡਾ ਭਾਗ ਸਗੋਂ ਅਨੇਕ ਹਿੰਦੂ ਅਤੇ ਮੁਸਲਮਾਨ ਵੀ ਕੂਕੇ ਬਣਨ ਲੱਗ ਪਏ। ਇਹ ਇਕ ਧਾਰਮਿਕ ਲਬਾਦੇ ਵਿਚ ਲਿਪਟੀ ਹੋਈ ਲੋਕ ਲਹਿਰ ਸੀ ਜਿਸ ਦਾ ਟੀਚਾ ਅੰਗਰੇਜ਼ਾਂ ਤੋਂ ਮੁਕਤੀ ਹਾਸਲ ਕਰਕੇ ਆਪਣਾ ਸਵਰਾਜ ਕਾਇਮ ਕਰਨਾ ਸੀ। ਇਹ ਬਸਤੀਵਾਦ, ਸਾਮੰਤਵਾਦ ਅਤੇ ਪੁਜਾਰੀ ਪਰੋਹਿਤਵਾਦ ਵਿਰੋਧੀ ਲੋਕ ਲਹਿਰ ਸੀ ਜਿਸ ਦਾ ਖਾਸਾ ਜਮਹੂਰੀ ਅਤੇ ਧਰਮ ਨਿਰਪੱਖ ਸੀ। ਕੂਕਿਆਂ ਨੇ ਜੋ ਸੰਗਠਨ ਉਸਾਰਿਆ ਉਹ ਆਪਣੀ ਕਿਸਮ ਦਾ ਸੀ। ਮੁੱਢਲੀ ਇਕਾਈ ਪਿੰਡ, ਸ਼ਹਿਰ ਜਾਂ ਮੁਹੱਲੇ ਦੀ ਸੰਗਤ, ਜੋ ਸੁਬਹਾ, ਸ਼ਾਮ ਧਰਮਸ਼ਾਲਾ/ਗੁਰਦੁਆਰੇ ਵਿਚ ਜੁੜਦੀ, ਧਰਮਸ਼ਾਲਾ ਦਾ ਗ੍ਰੰਥੀ ਸਥਾਨਕ ਸੰਗਤ ਦੀ ਧਾਰਮਿਕ ਮਾਮਲਿਆਂ ਵਿਚ ਅਗਵਾਈ ਕਰਦਾ। ਉਹ ਬੱਚਿਆਂ ਨੂੰ ਮੁੱਢਲੀ ਵਿੱਦਿਆ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਪੜ੍ਹਾਉਂਦੇ ਅਤੇ ਛੋਟੀਆਂ ਮੋਟੀਆਂ ਅਹੁਰਾਂ ਦੀ ਵੈਦਗੀ ਵੀ ਕਰਦਾ। ਪਿੰਡਾਂ ਦੇ ਉਪਰ ਤਪਿਆਂ ਦੇ ਜਥੇਦਾਰ ਥਾਪੇ ਜਾਂਦੇ। ਫਿਰ ਜ਼ਿਲ੍ਹਿਆਂ ਵਿਚ ਸੂਬੇ ਜਾਂ ਨਾਇਬ ਸੂਬੇ। ਸੂਬਿਆਂ ਤੋਂ ਉੱਪਰ ਕੇਂਦਰੀ ਅਸਥਾਨ, ਸਤਿਗੁਰੂ ਜੀ ਦਾ ਸੀ। ਅੰਗਰੇਜ਼ ਸਰਕਾਰ ਕੂਕਿਆਂ ਦੀ ਸੂਬਾ ਪ੍ਰਣਾਲੀ ਨੂੰ ਆਪਣੇ ਰਾਜ ਦੇ ਵਿਰੁੱਧ ਸਮਾਨੰਤਰ ਸਰਕਾਰ ਵੀ ਸਮਝਦੀ ਸੀ। ਕੂਕਿਆਂ ਦਾ ਡਾਕ ਦਾ ਵੀ ਆਪਣਾ ਪ੍ਰਬੰਧ ਸੀ ਜੋ ਸੂਬਾ ਸਾਹਿਬ ਸਿੰਘ ਦੇ ਅਧੀਨ 'ਕੂਕਾ ਪੋਸਟਲ ਸਰਵਿਸ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਕੂਕਿਆਂ ਦੀ ਡਾਕ ਸਰਕਾਰੀ ਡਾਕ ਤੋਂ ਪਹਿਲਾਂ ਅਤੇ ਬਿਨਾਂ ਸੈਂਸਰ ਹੋਣ ਤੋਂ ਸੁਰੱਖਿਅਤ ਪੁੱਜ ਜਾਂਦੀ।

ਕੂਕਾ ਲਹਿਰ ਦਾ ਇਕ ਹੋਰ ਮਹੱਤਵਪੂਰਨ ਪਸਾਰ ਇਸਦੇ ਦੇਸੀ ਅਤੇ ਵਿਦੇਸ਼ੀ ਸੰਪਰਕ ਸਨ। ਜਿਵੇਂ ਜਿਵੇਂ ਇਹ ਲਹਿਰ ਵਿਆਪਕ ਆਕਾਰ ਗ੍ਰਹਿਣ ਕਰਦੀ ਜਾ ਰਹੀ ਸੀ ਅਤੇ ਇਸ ਦੀਆਂ ਜਨ ਕਲਿਆਣਕਾਰੀ ਸਿੱਖਿਆਵਾਂ ਦੀ ਸੋਅ ਦੂਜੇ ਪ੍ਰਾਂਤਾਂ/ਦੇਸ਼ਾਂ ਵਿਚ ਪੁੱਜਦੀ, ਉਹ ਇਸ ਪ੍ਰਭਾਇ ਆਕਰਸ਼ਿਤ ਹੁੰਦੇ। ਏਸ਼ੀਅਨ ਤਾਕਤਾਂ ਦਾ ਇਕ ਸਾਂਝਾ ਮੁਹਾਜ਼, ਯੋਰਪੀਨ ਬਸਤੀਵਾਦੀਆਂ ਵਿਰੁੱਧ ਉਸਾਰਨਾ ਵੀ ਗੁਰੂ ਰਾਮ ਸਿੰਘ ਜੀ ਦੇ ਏਜੰਡੇ ਉੱਤੇ ਸੀ। ਇਸ ਲਈ ਉਹਨਾਂ, ਅਫਗਾਨਿਸਤਾਨ, ਰੂਸ ਦੇ ਏਸ਼ੀਅਨ ਖਿੱਤੇ, ਨੇਪਾਲ, ਭੂਟਾਨ ਆਦਿ ਦੇਸ਼ਾਂ ਵਿਚ ਅਤੇ ਲਖਨਊ, ਬਨਾਰਸ, ਗਵਾਲੀਅਰ, ਹੈਦਰਾਬਾਦ ਅਤੇ ਜੰਮੂ ਕਸ਼ਮੀਰ ਆਦਿ ਦੇਸੀ ਰਿਆਸਤਾਂ ਵਿਚ ਆਪਣੇ ਦੂਤ ਭੇਜੇ। ਉਹਨਾਂ ਨਾਲ ਕੂਟਨੀਤਿਕ, ਦੋਸਤਾਨਾ ਸਬੰਧ ਵਿਕਸਿਤ ਕੀਤੇ। ਇਸੇ ਲਈ ਆਪ ਦੀਆਂ ਇਹਨਾਂ ਕਾਰਵਾਈਆਂ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਨੋਟ ਕੀਤਾ ਕਿ ਗੁਰੂ ਰਾਮ ਸਿੰਘ ਹੁਣ ਆਪਣੀ ਇਕ ਧਾਰਮਿਕ ਰਹਿਬਰ ਵਾਲੀ ਛਵੀ ਵਿਚੋਂ ਬਾਹਰ ਨਿਕਲ ਕੇ, ਸਿਆਸੀ ਆਕਾਂਖਿਆਵਾਂ ਪਾਲਣ ਲੱਗ ਪਏ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਜਾਂ ਇਸ ਤੋਂ ਵੀ 30-35 ਸਾਲ ਪਹਿਲਾਂ ਸਿੱਖ ਮਿਸਲਾਂ ਦੇ ਰਾਜ ਵਿਚ ਪੰਜਾਬ ਵਿਚ ਗਊ ਵੱਧ ਨਹੀਂ ਹੁੰਦਾ ਸੀ। ਪੰਜਾਬ ਦੇ ਮੁਸਲਮਾਨ ਵੀ ਤਕਰੀਬਨ ਪੌਣੀ ਸਦੀ ਤੋਂ ਗਊ ਮਾਸ ਖਾਣਾ ਛੱਡ ਚੁੱਕੇ ਸਨ। ਪਰ ਅੰਗਰੇਜ਼ ਸਰਕਾਰ ਬਣਦਿਆਂ ਹੀ ਮਈ 1849 ਤੋਂ ਅੰਮ੍ਰਿਤਸਰ ਵਿਚ ਗਊ ਵੱਧ ਲਈ ਸਰਕਾਰ ਨੇ ਬੁੱਚੜ ਖਾਨੇ ਖੋਹਲ ਦਿੱਤੇ। ਅੰਗਰੇਜ਼ਾਂ ਦੀ ਇਹ 'ਪਾੜੋ ਤੇ ਰਾਜ ਕਰੋ' ਦੀ ਨੀਤੀ ਸੀ। ਹਿੰਦੂ, ਮੁਸਲਮਾਨਾਂ ਵਿਚ ਟਕਰਾਅ ਵੀ ਵਧਿਆ। 1871 ਆਉਂਦਿਆਂ ਤੱਕ ਤਜਾਰਤੀ ਬਾਈਕਾਟ ਵੀ ਦੋਹਾਂ ਫਿਰਕਿਆਂ ਦੇ ਹੋਏ। ਅੰਮ੍ਰਿਤਸਰ ਦੀ ਮਿਊਨਸੀਪਲ ਕਮੇਟੀ ਨੇ ਮਈ 1871 ਵਿਚ ਇਹ ਮਤਾ ਪਾਸ ਕਰ ਦਿੱਤਾ ਕਿ ਅਗਲੇ ਸਾਲ ਤੋਂ ਗਊ ਵੱਧ ਲਈ ਕਿਸੇ ਨੂੰ ਠੇਕਾ ਨਹੀਂ ਦਿਆਂਗੇ। ਅਗਲੇ ਹੀ ਦਿਨ ਕਮਿਸ਼ਨਰ ਡੇਵਿਸ ਨੇ ਫਿਰ ਮੀਟਿੰਗ ਸੱਦ ਕੇ ਆਪਣਾ ਫੈਸਲਾ ਦਿੱਤਾ ਕਿ ਗਊ ਵੱਧ

ਅਵੱਸ਼ ਹੋਵੇਗਾ। ਇਸ ਤੇ ਕੂਕਿਆਂ ਨੇ ਸੰਪਰਦਾਇਕਤਾ ਫੈਲਾਉਣ ਦੇ ਨਵੇਂ ਅੱਡਿਆਂ, ਇਹਨਾਂ ਬੁੱਚੜ ਖਾਨਿਆਂ ਤੇ ਹਮਲੇ ਕੀਤੇ ਤੇ ਥੋਕ ਵਿਚ ਸ਼ਹੀਦੀਆਂ ਵਰ੍ਹੀਆਂ। ਇਹਨਾਂ ਸਾਕਿਆਂ ਵਿਚ 100 ਤੋਂ ਵੱਧ ਕੂਕੇ ਸ਼ਹੀਦ ਹੋਏ। ਸਤਿਗੁਰੂ ਰਾਮ ਸਿੰਘ ਜੀ ਤੇ ਮੁਖੀ ਸੂਬੇ ਜਨਵਰੀ 1872 ਵਿਚ ਦੇਸ਼ਬਦਰ ਕਰ ਦਿੱਤੇ। ਪੰਜ ਜਾਂ ਵੱਧ ਕੂਕਿਆਂ ਦਾ ਇਕੱਠ ਗ਼ੈਰ ਕਾਨੂੰਨੀ ਕਰਾਰ ਦਿੱਤਾ ਗਿਆ। ਕੂਕਾ ਕੇਂਦਰ ਸਾਹਿਬ ਦੇ ਬੂਹੇ ਤੇ ਨਿਗਰਾਨੀ ਲਈ ਪੁਲੀਸ ਚੌਂਕੀ ਬੈਠਾ ਦਿੱਤੀ ਜੋ ਮਈ 1923 ਵਿਚ ਉਠੀ ਸੀ। ਅੱਠਾਂ ਪਹਿਰਾਂ ਵਿਚ ਪੰਜ ਕੂਕੇ ਆਪਣੇ ਗੁਰੂ ਧਾਮ ਦੇ ਦਰਸ਼ਨ ਕਰਦੇ ਸਨ।

ਅਗਲੇ 10-15 ਵਰ੍ਹੇ ਜਦੋਂ ਗੁਰੂ ਰਾਮ ਸਿੰਘ ਰੰਗੂਨ ਵਿਚ ਕੈਦ ਸਨ ਅਤੇ ਭੈਣੀ ਸਾਹਿਬ ਵਿਖੇ ਉਹਨਾਂ ਦੇ ਛੋਟੇ ਭਾਈ ਗੁਰੂ ਹਰੀ ਸਿੰਘ ਉਹਨਾਂ ਦੀ ਜਗ੍ਹਾ ਤੇ ਸਨ, ਕੂਕਿਆਂ ਨੇ ਆਖ਼ਰੀ ਸਿੱਖ ਮਹਾਰਾਜੇ ਦਲੀਪ ਸਿੰਘ ਦੀ ਰੂਸੀ ਸੈਨਾ ਦੀ ਮੱਦਦ ਨਾਲ ਪੰਜਾਬ ਪੁੱਜ ਕੇ, ਅੰਗਰੇਜ਼ਾਂ ਤੋਂ ਸੱਤਾ ਹਥਿਆਉਣ ਦੀ ਯੋਜਨਾ ਵਿਚ ਦਿਲਚਸਪੀ ਲਈ। ਇਸ ਮਨੋਰਥ ਲਈ ਕੂਕਿਆਂ ਨੇ ਪੰਦਰਾਂ ਹਜ਼ਾਰ ਦੀ ਇਕ ਸੈਨਾ ਵੀ ਤਿਆਰ ਕੀਤੀ ਅਤੇ ਉਹ ਭੈਣੀ ਸਾਹਿਬ ਤੋਂ ਮੱਧ ਏਸ਼ੀਆ ਦੀਆਂ ਰੂਸੀ ਬਸਤੀਆਂ ਤੱਕ ਦੁਰਗਮ ਘਾਟੀਆਂ ਉਲੰਘ ਕੇ, ਅਤੇ ਅੰਬਾਲਾ, ਕਲਕੱਤਾ ਹੁੰਦੇ ਸਮੁੰਦਰੀ ਸਫ਼ਰ ਝਾਗ ਕੇ ਰੰਗੂਨ ਤੱਕ ਦੀਆਂ ਲੰਮੀਆਂ ਯਾਤਰਾਵਾਂ ਵੀ ਕਰਦੇ ਰਹੇ। ਰੂਸੀ ਮੁਹਾਫ਼ਿਜ਼ ਖਾਨਿਆਂ ਵਿਚ ਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਭਾਈ ਦੀਆਂ ਰੂਸੀ ਹਾਕਮਾਂ ਦੇ ਨਾਮ ਅਤੇ ਰੂਸੀ ਹਾਕਮਾਂ ਵੱਲੋਂ ਗੁਰੂ ਰਾਮ ਸਿੰਘ ਦੇ ਨਾਮ ਪੱਤਰ, ਅਜੇ ਵੀ ਪਏ ਵੇਖੇ ਜਾ ਸਕਦੇ ਹਨ। ਦਰਅਸਲ ਜ਼ਮੀਨਾਂ, ਜਾਇਦਾਦਾਂ ਜ਼ਬਤ ਕਰਵਾ ਕੇ, ਘਰ ਘਾਟ ਕੁਰਕ ਕਰਵਾ ਕੇ, ਸਰਕਾਰੀ ਸਖ਼ਤੀਆਂ ਝੱਲਣ ਦਾ ਕੂਕਿਆਂ ਨੇ ਜੋ ਨਿਡਰ ਮੁਕਾਬਲਾ ਕੀਤਾ ਸੀ, ਪੰਜਾਬ ਵਿਚੋਂ ਉਠਣ ਵਾਲੀਆਂ ਮਗਰਲੇ ਦੌਰ ਦੀਆਂ ਲੋਕ-ਲਹਿਰਾਂ ਲਈ ਇਹ ਸਭ ਇਕ ਚਾਨਣ ਮੁਨਾਰੇ ਵਰਗਾ ਸੀ।

ਆਪਣੀਆਂ ਵਿਉਪਾਰਕ ਲੋੜਾਂ ਵਾਸਤੇ ਨਕਦੀ ਫ਼ਸਲਾਂ ਅਤੇ ਅਨਾਜ ਦੀ ਦਰਾਮਦ ਲਈ ਅੰਗਰੇਜ਼ ਸਰਕਾਰ ਨੇ ਉਨ੍ਹੀਵੀਂ ਸਦੀ ਦੇ ਆਖ਼ਰੀ ਦੋ ਦਹਾਕਿਆਂ ਵਿਚ ਪੰਜਾਬ ਵਿਚ ਦਰਿਆਵਾਂ ਵਿਚੋਂ ਨਹਿਰਾਂ ਕੱਢ ਕੇ ਜੰਗਲੀ ਅਤੇ ਬੇਆਬਾਦ ਜ਼ਮੀਨਾਂ ਨੂੰ ਬਹੁਤ ਉਪਜਾਊ ਨਹਿਰੀ ਬਸਤੀਆਂ ਵਿਚ ਬਦਲ ਦਿੱਤਾ ਪਰ ਹੁਣ ਇਸ ਜ਼ਮੀਨ ਨੂੰ ਵੇਖ ਵੇਖ ਕੇ ਸਰਕਾਰ ਲਾਲਾਂ ਸੁੱਟਣ ਲੱਗ ਪਈ। ਉਹਨਾਂ ਨੇ ਕਿਸਾਨਾਂ ਦੀ ਮਾਲਕੀ ਨੂੰ ਸੀਮਿਤ ਕਰਨ ਲਈ ਕਾਨੂੰਨ ਲਿਆਉਣੇ ਸ਼ੁਰੂ ਕਰ ਦਿੱਤੇ। ਭਗਤ ਸਿੰਘ ਸ਼ਹੀਦ ਦੇ ਚਾਚਾ ਸ੍. ਅਜੀਤ ਸਿੰਘ ਅਤੇ ਪਿਤਾ ਕ੍ਰਿਸ਼ਨ ਸਿੰਘ 'ਭਾਰਤ ਮਾਤਾ ਸੁਸਾਇਟੀ' ਨਾਲ ਜੁੜੇ ਹੋਏ ਸਨ ਤੇ ਇਸ ਸੁਸਾਇਟੀ ਵਲੋਂ ਪਰਚੇ ਪੈਂਫਲਿਟ ਛਾਪ ਕੇ, 1907 ਵਿਚ ਆ ਰਹੇ ਬਸਤੀਆਂ ਨਾਲ ਸਬੰਧਿਤ ਬਿੱਲ ਦਾ ਵਿਰੋਧ ਕੀਤਾ ਗਿਆ। ਇਹ ਪਹਿਲੀ ਲੋਕ ਲਹਿਰ ਹੈ ਜੋ 'ਪਗੜੀ ਸੰਭਾਲ ਜੱਟਾ' ਦੇ ਨਾਅਰੇ ਹੇਠ ਨਿਰੋਲ ਆਰਥਿਕ ਮੰਗਾਂ ਨੂੰ ਅਧਾਰ ਬਣਾਉਂਦੀ ਹੈ। ਲਾਇਲਪੁਰ, ਰਾਵਲਪਿੰਡੀ ਆਦਿ ਸ਼ਹਿਰਾਂ ਵਿਚ ਸ੍. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਇ ਇਕੱਲਾ ਕਾਲੇ ਕਾਨੂੰਨਾਂ ਦੇ ਖਿਲਾਫ ਵੀਹ ਵੀਹ ਹਜ਼ਾਰ ਦੀ ਹਾਜ਼ਰੀ ਵਾਲੇ ਜਲਸਿਆਂ ਵਿਚ ਲੋਕਾਂ ਨੂੰ ਸਰਕਾਰ ਦਾ ਵਿਰੋਧ ਕਰਨ ਲਈ ਵੰਗਾਰਦੇ ਹਨ। ਇਹ ਵੀ ਪਹਿਲੀ ਵੇਰ ਹੁੰਦਾ ਹੈ ਕਿ ਹਿੰਦੂ, ਸਿੱਖ ਅਤੇ ਮੁਸਲਮਾਨ ਸਾਰੇ ਧਰਮਾਂ ਦੇ ਲੋਕ ਇਸ ਅੰਦੋਲਨ ਵਿਚ ਭਾਗ ਲੈਂਦੇ ਹਨ। ਜਦੋਂ ਲਾਜਪਤ ਰਾਇ ਅਤੇ ਅਜੀਤ ਸਿੰਘ ਨੂੰ ਜਲਾਵਤਨ ਕਰਕੇ ਮਾਂਡਲੇ ਭੇਜ ਦਿੱਤਾ ਜਾਂਦਾ ਹੈ ਤਾਂ ਵਿਦੇਸ਼ਾਂ ਵਿਚ ਬੈਠੇ ਭਾਰਤੀ ਇਹਨਾਂ ਅੰਦੋਲਨਕਾਰੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੇ ਹਨ। ਇੰਗਲੈਂਡ, ਕੈਨੇਡਾ ਤੇ ਅਮਰੀਕਾ ਵਿਚ ਭਾਰਤੀ ਇਨਕਲਾਬੀ, ਆਪਣੇ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜ ਰਹੇ ਸਨ। 1907 ਤੋਂ ਲੈ ਕੇ 1918 ਤੱਕ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਦੇਸ਼ੀ ਧਰਤੀਆਂ ਤੋਂ ਹੀ ਲੜੀ ਗਈ ਸੀ।

ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ 1857 ਦੇ ਸੈਨਿਕ ਵਿਦਰੋਹ ਵਿਚ ਪੰਜਾਬ ਨੇ ਅੰਗਰੇਜ਼ਾਂ ਦੀ ਮੱਦਦ

ਕੀਤੀ। ਇਹ ਪੂਰਾ ਸੱਚ ਨਹੀਂ। ਸਿਰਫ ਰਾਜਪੂਤਾਨੇ ਦੀਆਂ ਰਿਆਸਤਾਂ ਜਿਉਂ ਪੰਜਾਬ ਦੀਆਂ ਸਿੱਖ ਰਿਆਸਤਾਂ ਨੇ ਇਸ ਮਹਾਂ ਸੰਗਰਾਮ ਵਿਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਪੰਜਾਬ ਨੂੰ ਆਪਣੇ ਕਬਜ਼ੇ ਵਿਚ ਰੱਖਣ ਲਈ ਗਵਰਨਰ ਜਨਰਲ ਕੈਨਿੰਗ ਨੇ ਮੀਆਂ ਮੀਰ, ਲਾਹੌਰ, ਪਿਸ਼ਾਵਰ, ਮੁਲਤਾਨ, ਰਾਵਲਪਿੰਡੀ,ਜਲੰਧਰ, ਨਵਾਂ ਸ਼ਹਿਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾ ਜਾਤ ਵਿਖੇ ਭਾਰਤੀ ਸੈਨਿਕਾਂ ਤੋਂ ਹਥਿਆਰ ਖੋਹ ਲਏ ਸਨ। ਲਾਹੌਰ, ਗੋਬਿੰਦਗੜ੍ਹ, ਫਿਲੌਰ, ਕਾਂਗੜਾ, ਅਟਕ ਤੇ ਮੁਲਤਾਨ ਦੇ ਕਿਲਿਆਂ ਤੇ ਯੋਰਪੀਨ ਸੈਨਿਕ ਭੇਜ ਕੇ ਕਬਜ਼ਾ ਕਰ ਲਿਆ। ਇਤਨਾ ਕੁਝ ਕਰਨ ਦੇ ਬਾਅਦ ਵੀ ਫਿਰੋਜ਼ਪੁਰ, ਸਿਆਲਕੋਟ, ਕਸੌਲੀ, ਜਲੰਧਰ, ਫਿਲੌਰ, ਲੁਧਿਆਣਾ, ਪਿਸ਼ਾਵਰ, ਜਿਹਲਮ ਅਤੇ ਹੋਤੀ ਮਰਦਾਨ ਆਦਿ ਸਥਾਨਾਂ ਤੇ ਸੈਨਿਕਾਂ ਨੇ ਵਿਦਰੋਹ ਕੀਤਾ ਜਿਸ ਨੂੰ ਬੜੀ ਸਖਤੀ ਨਾਲ ਕੁਚਲ ਦਿੱਤਾ ਗਿਆ। ਸਤਿਲੁਜ ਤੇ ਜਮਨਾ ਨਦੀ ਦੇ ਵਿਚਾਲੇ ਅੱਜ ਦੇ ਹਰਿਆਣਾ ਦੇ ਥਾਨੇਸਰ, ਕਰਨਾਲ, ਜਗਾਧਰੀ, ਹਾਂਸੀ, ਹਿਸਾਰ, ਸਿਰਸਾ, ਰਾਣੀਆਂ, ਰੋਹਤਕ ਤੇ ਰਿਵਾੜੀ ਵਿਚ ਵੱਡੀ ਪੱਧਰ ਤੇ ਵਿਦਰੋਹ ਹੋਇਆ। ਨੀਲੀ ਬਾਰ ਦੇ ਇਲਾਕੇ ਵਿਚ ਅਹਿਮਦ ਖਰਲ ਅਤੇ ਮੁਰਾਦ ਫਤਿਆਣਾ ਨੇ ਆਪਣੇ ਜਾਂਗਲੀ ਕਬੀਲਿਆਂ ਨੂੰ ਲਾਮਬੰਦ ਕਰਕੇ ਅੰਗਰੇਜ਼ੀ ਸੈਨਾ ਦੇ ਵਿਰੁੱਧ ਛਾਪੇ ਮਾਰ ਲੜਾਈਆਂ ਲੜਦਿਆਂ ਉਹਨਾਂ ਦਾ ਵੱਡਾ ਨੁਕਸਾਨ ਕੀਤਾ। ਪੰਜਾਬੀ ਅਤੇ ਸਿੱਖ ਸੈਨਿਕਾਂ ਨੇ ਜੋ ਅੰਗਰੇਜ਼ੀ ਫੌਜ ਵਿਚ ਸਨ ਬਗਾਵਤ ਕਰਕੇ ਦਿੱਲੀ ਦੇ ਬਾਗੀਆਂ ਦਾ ਸਾਥ ਵੀ ਦਿੱਤਾ 1857 ਦਾ ਇਹ ਵੱਡਾ ਯਤਨ ਦਬਾ ਤਾਂ ਦਿੱਤਾ ਗਿਆ ਪਰ ਇਸ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਦੇਸ਼ ਦੇ ਭਾਈਚਾਰਕ ਮਾਹੌਲ ਨੂੰ ਵਿਗਾੜਨ ਲਈ ਥਾਂ ਪਰ ਥਾਂ ਫਿਰਕਾਪ੍ਰਸਤੀ ਦੇ ਬੀਜ ਬੀਜਣ ਦੀ ਨੀਤੀ ਅਖਤਿਆਰ ਕੀਤੀ।

1905-06 ਵਿਚ ਜਿਹੜੇ ਭਾਰਤੀ ਰੋਜ਼ਗਾਰ ਵਾਸਤੇ ਅਮਰੀਕਾ, ਕੈਨੇਡਾ ਵਿਚ ਗਏ ਸਨ, ਆਜ਼ਾਦ ਦੇਸ਼ ਦੇ ਵਾਤਾਵਰਨ ਨੇ ਉਹਨਾਂ ਨੂੰ ਆਪਣੀ ਗੁਲਾਮੀ ਦਾ ਅਹਿਸਾਸ ਕਰਵਾਇਆ ਉਹਨਾਂ ਨਾਲ ਇੱਥੇ ਦੁਜੈਲਾ ਸਲੂਕ ਵੀ ਹੁੰਦਾ ਸੀ, ਜੋ ਉਹਨਾਂ ਸਮਝਿਆ ਕਿ ਇਹ ਸਭ ਸਾਡੇ ਦੇਸ਼ ਦੀ ਗੁਲਾਮੀ ਹੀ ਸਾਡੀਆਂ ਸਾਰੀਆਂ ਪਰੇਸ਼ਾਨੀਆਂ ਦਾ ਮੁੱਖ ਕਾਰਣ ਹੈ। ਹਿੰਦੁਸਤਾਨ ਵਿਚ ਅੰਗਰੇਜ਼ ਸਰਕਾਰ ਦੀ ਤਾਕਤ ਦਾ ਆਧਾਰ ਤਾਂ ਭਾਰਤੀ ਸੈਨਾ ਹੈ। ਜੇ ਸੈਨਾ ਦੇ ਦੇਸ਼ ਭਗਤ ਹਿੱਸੇ ਨੂੰ ਆਪਣੇ ਨਾਲ ਜੋੜ ਕੇ ਗ਼ਦਰ ਦਾ ਬਿਗੁਲ ਵਜਾ ਦਿੱਤਾ ਜਾਵੇ ਤਾਂ ਹਥਿਆਰਬੰਦ ਇਨਕਲਾਬ ਦੁਆਰਾ ਬਰਤਾਨਵੀ ਸੱਤਾ ਦਾ ਭੋਗ ਪਾਇਆ ਜਾ ਸਕਦਾ ਹੈ। ਇਸੇ ਵਿਚਾਰ ਦੇ ਪਰਚਾਰ ਲਈ ਗ਼ਦਰ ਅਖ਼ਬਾਰ ਉਰਦੂ, ਪੰਜਾਬੀ, ਗੁਜਰਾਤੀ, ਬੰਗਾਲੀ ਅਤੇ ਨੇਪਾਲੀ ਆਦਿ ਭਾਸ਼ਾਵਾਂ ਵਿਚ ਕੱਢਿਆ ਗਿਆ। ਪਾਰਟੀ ਦਾ ਨਾਂ ਵੀ ਅਖ਼ਬਾਰ ਦੇ ਕਾਰਨ ਹੀ ਗ਼ਦਰ ਪਾਰਟੀ ਪੈ ਗਿਆ। ਅੱਠ ਦਸ ਹਜ਼ਾਰ ਪਰਵਾਸੀ ਪੰਜਾਬੀ ਆਪਣੀਆਂ ਜੋੜੀਆਂ ਕਮਾਈਆਂ ਲੈ ਕੇ, ਕਾਰਬਾਰਾਂ ਨੂੰ ਠੋਕਰ ਮਾਰ ਕੇ, ਗ਼ਦਰ ਕਰਨ ਦੇ ਉਦੇਸ਼ ਨਾਲ, 1914 ਵਿਚ ਅਮਰੀਕਾ ਅਤੇ ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਤੋਂ ਭਾਰਤ ਨੂੰ ਪਰਤੇ। ਇਸੇ ਸਮੇਂ ਕਾਮਾਗਾਟਾ ਮਾਰੂ ਜਹਾਜ਼ ਤੋਂ ਆਏ ਪਰਵਾਸੀ ਭਾਰਤੀਆਂ ਨਾਲ ਬਜਬਜ ਘਾਟ ਦਾ ਖੂਨੀ ਸਾਕਾ ਵਾਪਰਿਆ। ਕੋਈ 5000 ਗਦਰੀਆਂ ਤੇ ਉਹਨਾਂ ਦੇ ਪਿੰਡਾਂ ਵਿਚ ਗ਼ਦਰ ਦੀ ਅਸਫਲਤਾ ਬਾਅਦ ਵੀ ਨਿਗਰਾਨੀ ਹੁੰਦੀ ਰਹੀ। ਕੋਈ 250 ਦੇ ਕਰੀਬ ਗ਼ਦਰੀ ਜਿਹਨਾਂ ਨੇ ਬੰਨੂ ਲੋਹਾਣ ਤੋਂ ਫੈਜ਼ਾਬਾਦ ਛਾਉਣੀ ਤੱਕ, ਗ਼ਦਰ ਭੜਕਾਉਣ ਦੇ ਯਤਨ ਕੀਤੇ ਸਨ, ਫਾਂਸੀ ਜਾਂ ਗੋਲੀਆਂ ਦੁਆਰਾ ਸ਼ਹੀਦ ਕੀਤੇ ਗਏ। ਅਨੇਕਾਂ ਨੇ ਕਾਲੇ ਪਾਣੀ ਉਮਰ ਕੈਦਾਂ ਜਾਂ ਘੱਟ ਮਿਆਦ ਦੀਆਂ ਮੁਸ਼ੱਕਤੀ ਜੇਲ੍ਹਾਂ ਕੱਟੀਆਂ। ਕਈ ਜੇਲ੍ਹ ਦਾ ਕੁੰਭੀ ਨਰਕ ਭੋਗਦਿਆਂ ਚੱਲ ਵੱਸੇ। ਕਾਂਗਰਸ ਜਦੋਂ ਅਜੇ 'ਡੋਮੀਨੀਅਨ ਸਟੇਟਸ' ਦੀ ਹੀ ਮੰਗ ਕਰਦੀ ਸੀ ਗ਼ਦਰੀਆਂ ਨੇ ਪੂਰਨ ਆਜ਼ਾਦੀ ਦਾ ਨਿਸ਼ਾਨਾ ਮਿਥਿਆ। ਉਹ ਧਰਮ ਨੂੰ ਹਰ ਬਸ਼ਰ ਦਾ ਨਿੱਜੀ ਮਸਲਾ ਦੱਸ ਕੇ, ਸੰਪ੍ਰਦਾਇਕ ਅਤੇ ਜਾਤੀਗਤ ਸੋੜੀਆਂ ਸੋਚਾਂ ਤੋਂ ਬਹੁਤ ਉੱਪਰ ਸਨ।

1920-21 ਵਿਚ ਅੰਗਰੇਜ਼ ਸਰਕਾਰ ਦੇ ਪਿੱਠੂ

ਮਹੰਤਾਂ ਅਤੇ ਪੁਜਾਰੀਆਂ ਪਾਸੋਂ ਗੁਰਧਾਮਾਂ ਨੂੰ ਆਜ਼ਾਦ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚੱਲੀ। ਨਨਕਾਣਾ ਸਾਹਿਬ ਵਿਖੇ, ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਗੁਰਦੁਆਰੇ ਤੇ ਕਾਬਜ਼ ਮਹੰਤ ਨੇ ਡੇਢ, ਦੋ ਸੌ ਸਿੱਖ ਬੇਰਹਿਮੀ ਨਾਲ ਗੁਰਦੁਆਰਾ ਜਨਮ ਆਸਥਾਨ ਪਾਤਸ਼ਾਹੀ ਪਹਿਲੀ ਵਿਖੇ, ਸ਼ਹੀਦ ਕਰ ਦਿੱਤੇ। ਛੇਤੀ ਮਗਰੋਂ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਾਂਤਮਈ ਅਕਾਲੀ ਕਾਰਕੁੰਨਾਂ ਨੂੰ ਪੁਲੀਸ ਅਫਸਰ ਬੀ. ਟੀ. ਨੇ ਡਾਂਗਾਂ ਅਤੇ ਘੋੜਿਆਂ ਦੇ ਸੁੰਮਾਂ ਦਾ ਨਿਸ਼ਾਨਾ ਬਣਾਇਆ। ਸ਼ਾਂਤਮਈ ਸੱਤਿਆਗ੍ਰਹਿ ਉਪਰ ਤਸ਼ੱਦਦ ਦੀ ਦੇਸ਼ ਦੁਨੀਆ ਵਿਚ ਭਰਪੂਰ ਚਰਚਾ ਹੋਈ। ਇਸ ਦੇ ਫਲ ਸਰੂਪ ਦੁਆਬੇ ਵਿਚ ਮੁੱਖ ਤੌਰ 'ਤੇ ਸਾਬਕਾ ਫੌਜੀਆਂ ਨੇ ਬੱਬਰ ਅਕਾਲੀ ਜਥਿਆਂ ਦਾ ਗਠਨ ਕੀਤਾ। ਉਹਨਾਂ ਨੇ ਪਿੰਡਾਂ ਵਿਚ ਸਰਕਾਰ ਦੇ ਕਰਿੰਦਿਆਂ, ਜ਼ੈਲਦਾਰਾਂ, ਸਫੈਦਪੋਸ਼ਾਂ, ਲੰਬੜਦਾਰਾਂ ਅਤੇ ਹੋਰ ਝੋਲੀਚੁੱਕਾਂ ਦਾ ਸਫਾਇਆ ਕੀਤਾ। 1922-23-24 ਦੇ ਸਾਲਾਂ ਵਿਚ ਜਲੰਧਰ ਦੇ ਕਮਿਸ਼ਨਰ ਟਾਊਨਸ਼ੈਂਡ ਨੇ ਪੰਜਾਬ ਸਰਕਾਰ ਨੂੰ ਲਿਖਿਆ ਕਿ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਆਦਿ ਵਿਚ ਅੰਗਰੇਜ਼ੀ ਰਾਜ ਨਾ ਹੋ ਕੇ ਬੱਬਰ ਅਕਾਲੀਆਂ ਦਾ ਹੀ ਰਾਜ ਹੈ। ਬੱਬਰਾਂ ਤੇ ਵੱਖ ਵੱਖ ਮੁਕੱਦਮੇ ਚਲਾ ਕੇ ਉਹਨਾਂ ਨੂੰ ਫਾਂਸੀਆਂ ਤੇ ਲਟਕਾਇਆ ਗਿਆ। ਕਾਲੇ ਪਾਣੀ ਉਮਰ ਕੈਦ ਕਰਕੇ ਭੇਜਿਆ ਤੇ ਹੋਰ ਸਜਾਵਾਂ ਜਾਇਦਾਦ ਜ਼ਬਤੀ ਆਦਿ ਵੀ ਭੁਗਤੀਆਂ। ਬੱਬਰਾਂ ਨੇ ਇਹ ਸਾਰੇ ਕਸ਼ਟ ਖਿੜੇ ਮੱਥੇ ਝੱਲੇ। ਲੋਕਾਂ ਵਿਚ ਪਰਚਾਰ ਲਈ ਉਹ 'ਬੱਬਰ ਅਕਾਲੀ ਦੋਆਬਾ' ਨਾਂ ਦਾ ਪਰਚਾ ਵੀ ਛਾਪ ਕੇ ਵੰਡਿਆ ਕਰਦੇ ਸਨ। ਕ੍ਰਿਸ਼ਨ ਸਿੰਘ ਗੜਗੱਜ ਆਦਿਕ ਬੱਬਰਾਂ ਦਾ ਗ਼ਦਰ ਲਹਿਰ ਨਾਲ ਵੀ ਸਬੰਧ ਸੀ। ਦੁਆਬੇ ਦੇ ਲੋਕਾਂ ਵਿਚ ਬੱਬਰ ਬੇਹੱਦ ਮਕਬੂਲ ਸਨ ਭਾਵੇਂ ਕੁਝ ਘਟਨਾਵਾਂ ਮਾਲਵੇ ਅਤੇ ਮਾਝੇ ਵਿਚ ਵੀ ਬੱਬਰਾਂ ਦੁਆਰਾ ਹੋਈਆਂ।

ਭਾਈ ਸੰਤੋਖ ਸਿੰਘ, ਉੱਘੇ ਗ਼ਦਰੀ ਆਗੂ ਨੇ ਅਮਰੀਕਾ ਤੋਂ ਆਉਣ ਬਾਅਦ ਪੰਜਾਬੀ ਵਿਚ ਮਾਸਿਕ 'ਕਿਰਤੀ' ਪਰਚਾ ਅੰਮ੍ਰਿਤਸਰ ਤੋਂ ਸਮਾਜਵਾਦੀ ਵਿਚਾਰਾਂ ਅਤੇ ਕੌਮੀ ਮੁਕਤੀ ਦੇ ਮਕਸਦ ਲਈ ਕੱਢਿਆ। ਉਹਨਾਂ ਦੀ ਮੌਤ ਬਾਅਦ ਸੋਹਨ ਸਿੰਘ ਜੋਸ਼ ਇਸ ਦੇ ਸੰਪਾਦਕ ਬਣੇ, ਜਦੋਂ ਸ਼ਹੀਦ ਭਗਤ ਸਿੰਘ ਵੀ ਕਿਰਤੀ ਵਿਚ ਕੰਮ ਕਰਦੇ ਰਹੇ। ਭਾਰਤ ਦੇ ਬਾਕੀ ਕ੍ਰਾਂਤੀਕਾਰੀਆਂ ਵੱਲੋਂ ਬਣਾਏ ਸੰਗਠਨ, ਹਿੰਦੁਸਤਾਨ ਰੀਪਬਲੀਕਨ ਐਸੋਸੀਏਸ਼ਨ ਵਿਚ ਭਗਤ ਸਿੰਘ ਤੇ ਸਾਥੀਆਂ ਨੇ ਸਮਾਜਵਾਦੀ ਸ਼ਬਦ ਜੋੜ ਕੇ ਵਿਗਿਆਨਕ ਸਮਾਜਵਾਦ ਦੀ ਵਿਚਾਰਧਾਰਾ ਨੂੰ ਆਪਣਾ ਨਿਸ਼ਾਨਾ ਮਿਥਿਆ। 'ਨੌਜੁਆਨ ਭਾਰਤ ਸਭਾ' ਦੇ ਵਰਕਰਾਂ ਨੇ ਵੀ ਸਮਾਜਵਾਦੀ ਵਿਚਾਰਾਂ ਦਾ ਪਰਚਾਰ ਕੀਤਾ। ਅਗਲੇ ਡੇਢ ਦਹਾਕੇ ਵਿਚ ਪੰਜਾਬ ਵਿਚ ਕਿਰਤੀ ਤੇ ਕਿਸਾਨ ਲਹਿਰ ਦੀ ਅਗਵਾਈ ਹੇਠ ਲਾਹੌਰ, ਮਿੰਟਗੁਮਰੀ, ਅੰਮ੍ਰਿਤਸਰ, ਜਲੰਧਰ, ਚੜ੍ਹਿੱਕ, ਕਲਗੀਆਂ ਵਿਚ ਵਿਸ਼ਾਲ ਅਤੇ ਫੈਸਲਾਕੁੰਨ ਕਿਸਾਨ ਘੋਲ ਲੜੇ ਗਏ। ਗ਼ਦਰ ਪਾਰਟੀ ਦੇ ਬਾਬਾ ਸੋਹਨ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ, ਭਾਗ ਸਿੰਘ ਕੈਨੇਡੀਅਨ ਆਦਿ ਕਿਸਾਨ ਸਭਾ ਦੀਆਂ ਸਰਗਰਮੀਆਂ ਵਿਚ ਮੋਹਰੀ ਸਨ। ਰਿਆਸਤੀ ਪਰਜਾ ਮੰਡਲ ਦੀ ਅਗਵਾਈ ਹੇਠ ਰਿਆਸਤੀ ਜਬਰ ਵਿਰੁੱਧ ਲੜਾਈ ਵਿੱਢੀ। ਇਸੇ ਦੌਰਾਨ ਪੈਪਸੂ ਦਾ ਮੁਜ਼ਾਰਾ ਅੰਦੋਲਨ ਚੱਲਿਆਂ ਜੋ ਪੈਪਸੂ ਦੇ ਸਾਢੇ ਸੱਤ ਸੌ ਦੇ ਲਗਪਗ ਪਿੰਡਾਂ ਦੇ ਮੁਜ਼ਾਰਿਆਂ ਨੂੰ ਭੂਇ ਦਾ ਮਾਲਕ ਬਣਾਉਂਦਾ ਹੈ। ਦੂਜੀ ਸੰਸਾਰ ਜੰਗ ਦੇ ਖਾਤਮੇ ਬਾਅਦ, ਸਮਾਜਵਾਦੀ ਖੇਮੇ ਦੇ ਉਭਾਰ ਸਦਕਾ ਅਤੇ ਦੇਸ਼ ਵਿਚ ਜਨ-ਅੰਦੋਲਨਾਂ ਦਾ ਦਬਾਅ ਵਧਣ ਕਾਰਨ, ਭਾਰਤ ਨੂੰ ਓੜਕ 15 ਅਗਸਤ 1947 ਨੂੰ ਆਜ਼ਾਦੀ ਮਿਲ ਗਈ।

ਅੱਜ ਜਦੋਂ ਅਸੀਂ ਆਪਣੇ ਮਹਾਨ ਅਜ਼ਾਦੀ ਸੰਗਰਾਮ ਦੇ ਸਮੂਹ ਸੂਰਬੀਰਾਂ ਨੂੰ ਜੋ ਵੱਖ ਵੱਖ ਲਹਿਰਾਂ ਵਿਚੋਂ ਆਏ, ਯਾਦ ਕਰਦੇ ਹਾਂ ਤਾਂ ਅੱਜ ਦੀਆਂ ਚੁਨੌਤੀਆਂ ਨਾਲ ਨਜਿੱਠਣ ਲਈ ਇਹਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਲੋਅ ਵਿਚ, ਰਸਤਾ ਲੱਭਣ ਦੇ ਆਹਰ ਵਿਚ ਹਾਂ। ਦੇਸ਼ ਵਿਚ ਪਿਛਲੇ ਅੱਠ ਸਾਲਾਂ ਤੋਂ ਜਿਹੜੀ ਸਰਕਾਰ ਕੇਂਦਰੀ ਅਤੇ ਕਈ ਰਾਜਾਂ ਵਿਚ ਵੀ ਸੱਤਾ ਵਿਚ ਹੈ, ਉਸ ਦਾ ਆਜ਼ਾਦੀ ਸੰਗਰਾਮ ਦੀ ਵਿਰਾਸਤ ਨਾਲ ਦੂਰ ਦਾ ਵੀ

ਨਾਤਾ ਨਹੀਂ। ਇਸੇ ਲਈ ਸਾਡੀ ਆਜ਼ਾਦੀ ਦੀ ਲੜਾਈ ਵਿਚ, ਜਮਹੂਰੀਅਤ, ਧਰਮ ਨਿਰਪੱਖਤਾ, ਦੇਸ਼ ਦਾ ਸੰਘੀ ਢਾਂਚਾ, ਕਲਿਆਣਕਾਰੀ ਰਾਜ ਦਾ ਸੰਕਲਪ, ਮੌਲਿਕ ਅਧਿਕਾਰ ਅਤੇ ਸ਼ਹਿਰੀ ਆਜ਼ਾਦੀਆਂ ਆਦਿ ਦੇ ਜੋ ਸੰਕਲਪ ਉੱਭਰੇ, ਉਹਨਾਂ ਨਾਲ ਵੇਲੇ ਦੇ ਸੱਤਾਧਾਰੀਆਂ ਨੂੰ ਕੋਈ ਲਗਾਉ ਨਹੀਂ। ਇਸ ਲਈ ਇਹ ਸਰਕਾਰ ਇਤਿਹਾਸ ਦੇ ਪਹੀਏ ਨੂੰ ਉਲਟਾ ਗੇੜਾ ਦੇ ਰਹੀ ਹੈ। ਫਿਰਕੂ ਵੰਡ ਨੂੰ ਤਿੱਖਿਆਂ ਕੀਤਾ ਜਾ ਰਿਹਾ ਹੈ ਅਤੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਹੜੱਪਣ ਲਈ ਕਾਰਪੋਰੇਟਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ।

ਦੇਸ਼ ਦੇ ਕਿਸਾਨ ਤਿੰਨ ਕਾਲੇ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਨਵੰਬਰ 2020 ਤੋਂ ਦਸੰਬਰ 2021 ਤੱਕ, ਦਿੱਲੀ ਦੀਆਂ ਬਰੂਹਾਂ ਤੇ ਮੋਰਚੇ ਗੱਡ ਕੇ ਸੂਰਮਿਆਂ ਵਾਂਗ ਬੈਠੇ ਰਹੇ। ਇਸ ਦੌਰਾਨ ਲਖੀਮਪੁਰ ਖੀਰੀ ਜ਼ਿਲ੍ਹਾ ਉਤਰ ਪ੍ਰਦੇਸ਼ ਵਿਚ ਕੇਂਦਰੀ ਮੰਤਰੀ ਅਜੇ ਮਿਸ਼ਰਾ ਟੇਨੀ ਦੀ ਸ਼ਹਿ 'ਤੇ ਉਹਦੇ ਪੁੱਤਰ ਨੇ ਚਾਰ ਕਿਸਾਨ ਅਤੇ ਇਕ ਪੱਤਰਕਾਰ ਥਾਰ ਜੀਪ ਥੱਲੇ ਦਰੜ ਸੁੱਟੇ ਸਨ। ਬਾਪ ਦੇ ਕੇਂਦਰੀ ਮੰਤਰੀ ਮੰਡਲ ਵਿਚ ਹੁੰਦਿਆਂ ਨਿਰਪੱਖ ਜਾਂਚ ਕਿਵੇਂ ਹੋ ਸਕਦੀ ਹੈ? ਪ੍ਰਧਾਨ ਮੰਤਰੀ ਨੇ ਇਕ ਵੇਰ ਤਾਂ ਤਿੰਨੇ ਕਾਲੇ ਕਾਨੂੰਨ ਵਾਪਸ ਲੈਣ ਅਤੇ ਐਮ.ਐਸ.ਪੀ. ਸਮੇਤ ਬਾਕੀ ਕਿਸਾਨ ਮੰਗਾਂ ਛੇਤੀ ਮੰਨਣ ਦਾ ਐਲਾਨ ਕਰਕੇ, ਕਿਸਾਨਾਂ ਦਾ ਧਰਨਾ ਦਿੱਲੀ ਤੋਂ ਚੁਕਵਾ ਦਿੱਤਾ ਪਰ ਅੱਜ ਵੀ ਉਸਦੀ ਨੀਅਤ ਕਿਸਾਨਾਂ ਪ੍ਰਤੀ ਸਾਫ਼ ਨਹੀਂ। ਇਹ ਤਿੰਨੇ ਕਾਨੂੰਨ ਅਤੇ ਬਿਜਲੀ ਬਿੱਲ ਜੋ ਪਿੱਛੇ ਜਿਹੇ ਲਿਆਂਦਾ ਸੀ ਚੋਰ ਮੋਰੀ ਰਾਹੀਂ ਲਾਗੂ ਕਰਨ ਦੀਆਂ ਸਕੀਮਾਂ ਬਣਾ ਰਹੇ ਹਨ। ਮੰਡੀਆਂ ਅਤੇ ਐਫ.ਸੀ.ਆਈ ਆਦਿ ਅਦਾਰੇ ਤੋੜਨ ਵੱਲ ਵਧ ਰਹੇ ਹਨ।

ਦੇਸ਼ ਦੇ ਧਰਮ ਨਿਰਪੱਖ ਤੇ ਜਮਹੂਰੀ ਸਰੂਪ ਨੂੰ ਤੋੜਿਆ ਮਰੋੜਿਆ ਜਾ ਰਿਹਾ ਹੈ। ਦੇਸ਼ ਨੰਗੀ ਚਿੱਟੀ ਤਾਨਾਸ਼ਾਹੀ ਵੱਲ ਵਧ ਰਿਹਾ ਹੈ। ਘੱਟ ਗਿਣਤੀਆਂ, ਪੱਛੜੀ ਦਰਜ ਜਾਤੀਆਂ, ਔਰਤਾਂ ਅਤੇ ਆਦਿ ਵਾਸੀਆਂ ਉੱਪਰ ਆਏ ਦਿਨ ਹਮਲੇ ਹੋ ਰਹੇ ਹਨ। ਲੋਕਾਂ ਦੇ ਪੱਖ ਵਿਚ ਭੁਗਤਣ ਵਾਲੇ ਲੇਖਕਾਂ, ਕਲਾਕਾਰਾਂ, ਵਕੀਲਾਂ, ਪੱਤਰਕਾਰਾਂ, ਬੁੱਧੀਜੀਵੀਆਂ ਆਦਿ ਨੂੰ ਵਰ੍ਹਿਆਂ ਬੱਧੀ ਜੇਲ੍ਹਾਂ ਵਿਚ ਤੁੰਨਿਆ ਜਾ ਰਿਹਾ ਹੈ। ਲੋਕ ਪੱਖੀ ਇਤਿਹਾਸਕਾਰਾਂ, ਤਰਕਸ਼ੀਲਾਂ, ਸੱਚ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਚੁਣ ਚੁਣ ਕੇ ਮਾਰਿਆ ਜਾ ਰਿਹਾ ਹੈ। ਬਹੁਤ ਸਾਰੇ ਮਨੁੱਖੀ ਅਧਿਕਾਰ ਕਾਰਕੁੰਨ ਵੀ ਲੰਮੇ ਸਮੇਂ ਤੋਂ ਸੀਖਾਂ ਪਿੱਛੇ ਹਨ। ਅਸੀਂ ਇਹਨਾਂ ਸਾਰਿਆਂ ਦੀ ਫੌਰੀ ਰਿਹਾਈ ਦੀ ਆਵਾਜ਼ ਬੁਲੰਦ ਕਰਦੇ ਹਾਂ। ਅਸੀਂ ਭਾਰਤ ਦੇ ਧਰਮ ਨਿਰਪੱਖ, ਜਮਹੂਰੀ ਅਤੇ ਇਕ ਸਮਾਜਵਾਦੀ ਦੇਸ਼ ਬਣਨ ਦੀ ਸੰਵਿਧਾਨ ਦੀ ਮੂਲ ਭਾਵਨਾ ਨੂੰ ਕਾਇਮ ਰੱਖਣ ਲਈ, ਸੰਘਰਸ਼ ਵਿਚ ਜੁੱਟੇ ਰਹਿਣ ਦਾ ਅਹਿਦ ਕਰਦੇ ਹਾਂ। ਭਾਰਤ ਕਈ ਕੌਮੀਅਤਾਂ, ਫਿਰਕਿਆਂ, ਮਜ਼੍ਹਬਾਂ, ਬੋਲੀਆਂ ਦਾ ਇਕ ਬਹੁ ਭਾਸ਼ਾਈ ਦੇਸ਼ ਹੈ, ਇਸ ਉਪਰ ਹਿੰਦੀ ਜਾਂ ਅੰਗਰੇਜ਼ੀ ਦੀ ਅਜਾਰੇਦਾਰੀ ਥੋਪਣ ਦੇ ਵੀ ਅਸੀਂ ਹੱਕ ਵਿਚ ਨਹੀਂ।

ਅੱਜ ਗਦਰੀ ਬਾਬਿਆਂ ਦੇ 31ਵੇਂ ਮੇਲੇ ਦੇ ਉਦਘਾਟਨੀ ਸਤਰ ਵਿਚ ਅਸੀਂ ਆਪਣੇ ਦੇਸ਼ ਨੂੰ ਕੌਮੀ ਮੁਕਤੀ ਸੰਗਰਾਮ ਦੇ ਮਹਾਨ ਸ਼ਹੀਦਾਂ ਦੇ ਚਿਤਵੇ ਆਦਰਸ਼ ਲੁੱਟ ਖਸੁੱਟ ਰਹਿਤ, ਧਰਮ ਨਿਰਪੱਖ ਅਤੇ ਸਮਾਜਵਾਦੀ ਦੇਸ਼ ਬਨਾਉਣ ਦਾ ਵੀ ਹਲਫ ਲੈਂਦੇ ਹਾਂ।

ਵਿੱਛੜੇ ਸਾਥੀਆਂ ਨੂੰ ਸਮਰਪਿਤ 31ਵੇਂ ਮੇਲੇ ਦੇ ਵਿਸ਼ੇਸ਼ ਆਕਰਸ਼ਣ

1. ਕਾਮਰੇਡ ਨੌਨਿਹਾਲ ਸਿੰਘ ਨੂੰ ਸਮਰਪਿਤ ਕੁਇਜ਼ ਮੁਕਾਬਲਾ
2. ਚਿੱਤਰਕਾਰ ਅਮਿਤ ਜ਼ਰਫ਼ ਨੂੰ ਸਮਰਪਿਤ ਪੇਂਟਿੰਗ ਮੁਕਾਬਲਾ
3. ਪ੍ਰੀਤਮ ਸਿੰਘ ਦਰਦੀ ਨੂੰ ਸਮਰਪਿਤ ਪੁਸਤਕ ਪ੍ਰਦਰਸ਼ਨੀ

ਹਾਕਮਪ੍ਰਸਤੀ ਬਨਾਮ ਨਾਬਰੀ

–ਚਰੰਜੀ ਲਾਲ ਕੰਗਣੀਵਾਲ

ਪੰਜਾਬ ਉਪਰ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਗੁਰਦੁਆਰੇ ਅੰਗਰੇਜ਼ੀ ਰਾਜ ਦੀ ਰਖਵਾਲੀ, ਮਜ਼ਬੂਤੀ ਤੇ ਖੁਸ਼ਾਮਦੀ ਦੇ ਕੇਂਦਰ ਬਣ ਗਏ ਸਨ। ਜਿੱਥੇ ਅੰਗਰੇਜ਼ੀ ਰਾਜ ਨੂੰ ਸਦੀਵੀ ਰਹਿਣ ਤੇ ਰੱਖਣ ਲਈ ਅਰਦਾਸੇ ਹੁੰਦੇ ਸਨ। ਸਕੂਲਾਂ ਵਿਚ ਸਵੇਰ ਦੀਆਂ ਅਰਦਾਸਾਂ ਵਿਚ ਕਹਾਇਆ ਜਾਂਦਾ ਸੀ, 'ਜਿਸ ਦਾ ਸਰਤਾਜ ਜਾਰਜ ਪੰਚਮ ਨਹੀਂ, ਐਹ ਸਿਘ ਹੀ ਨਹੀਂ, ਸਰਦਾਰ ਹੀ ਨਹੀਂ।' ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਕਮੇਟੀ, ਜਿਸ ਦੇ ਮੈਂਬਰ ਅੰਮ੍ਰਿਤਧਾਰੀ ਹੁੰਦੇ ਸੀ, ਪ੍ਰਬੰਧ ਚਲਾਉਂਦੇ ਸਨ। ਅੰਗਰੇਜ਼ਾ ਨੇ ਕਮੇਟੀ ਉਪਰ ਸਰਬਰਾਹ ਥੋਪ ਦਿੱਤਾ ਅਤੇ ਹੌਲੀ-ਹੌਲੀ ਕਮੇਟੀ ਹਟਾ ਦਿੱਤੀ ਗਈ। ਇਸ ਤਰ੍ਹਾਂ ਸਾਰੀ ਤਾਕਤ ਸਰਬਰਾਹ ਦੇ ਹੱਥ ਆ ਗਈ ਅਤੇ ਉਸ ਦੇ ਹੱਥੀਂ ਲੱਖਾਂ ਰੁਪਏ ਦਾ ਨਿਵੇਸ਼ ਹੋ ਗਿਆ ਸੀ। ਕੰਟਰੋਲ ਦੀ ਅਣਹੋਂਦ ਨੇ ਗੈਰਜ਼ੁੰਮੇਵਾਰੀ ਤੇ ਭ੍ਰਿਸ਼ਟਾਚਾਰ ਨੂੰ ਹੋਂਦ ਵਿਚ ਲੈ ਆਂਦਾ ਸੀ।

ਪਹਿਲੇ ਮਹਾਂਯੁੱਧ ਤੱਕ ਸਿੱਖਾਂ ਦੀ ਹਰ ਆਜ਼ਾਦੀ ਪਸੰਦ, ਅੰਗਰੇਜ਼ ਵਿਰੋਧੀ ਕਾਰਵਾਈ ਦੀ ਵਿਰੋਧਤਾ ਕਰਨਾ ਰਿਵਾਇਤੀ ਸਿੱਖ ਆਗੂਆਂ ਦਾ ਕਿੱਤਾ ਹੋ ਗਿਆ ਸੀ। ਰਕਾਬਗੰਜ ਗੁਰਦੁਆਰਾ ਦਿੱਲੀ ਦੀ ਕੰਧ ਇਨ੍ਹਾਂ ਦੀ ਮਨਜ਼ੂਰੀ ਨਾਲ ਹੀ 1914 ਦੇ ਸ਼ੁਰੂ 'ਚ ਢਾਅ ਦਿੱਤੀ ਗਈ ਸੀ, ਜਿਸ ਦੇ ਖ਼ਿਲਾਫ਼ ਸ. ਸਰਦੂਲ ਸਿਘ 'ਕਵੀਸ਼ਰ' ਨੇ ਲਿਖਿਆ ਤਾਂ ਉਸ ਨੂੰ ਦਿੱਲੀ ਤੋਂ ਵਾਪਸ ਲਾਹੌਰ ਭੇਜ ਦਿੱਤਾ ਸੀ। ਸ. ਹਰਚੰਦ ਸਿਘ ਲਾਇਲਪਰੀ ਖੁਦ ਦਿੱਲੀ ਜਾ ਕੇ ਢਾਹੀ ਕੰਧ ਦੇਖ ਕੇ ਆਏ ਸਨ। 12 ਅਪ੍ਰੈਲ 1914 ਨੂੰ ਜਲੰਧਰ ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ ਹੋਈ ਤਾਂ ਸੁੰਦਰ ਸਿਘ ਲਾਇਲਪੁਰੀ ਤੇ ਹਰਚੰਦ ਸਿਘ ਲਾਇਲਪੁਰੀ ਨੇ ਰਕਾਬਗੰਜ ਦੀ ਕੰਧ ਦਾ ਮਸਲਾ ਉਠਾਉਣਾ ਚਾਹਿਆ ਤਾਂ ਪੁਲਸ ਦੀ ਮਦਦ ਨਾਲ ਉਨ੍ਹਾਂ ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਮੁਖੀਆਂ ਨੇ ਕਾਨਫਰੰਸ ਵਿੱਚੋਂ ਬਾਹਰ ਕੱਢ ਦਿੱਤਾ ਸੀ। ਉਨ੍ਹਾਂ ਰੇਲਵੇ ਸਟੇਸ਼ਨ 'ਤੇ ਆ ਕੇ ਲੋਕਾਂ ਦਾ ਇਕੱਠ ਕੀਤਾ, ਭਾਈ ਹਰਚੰਦ ਸਿਘ ਨੇ ਲੋਕਾਂ ਨੂੰ ਕਿਹਾ, 'ਖ਼ਾਲਸਾ ਜੀ! ਆਪਣੇ ਸਿਰਾਂ ਨੂੰ ਕਦ ਤੱਕ ਲੁਕੋ ਕੇ ਰੱਖੋਗੇ।' ਇਸ ਸਮੇਂ ਅੰਗਰੇਜ਼ਾਂ ਵੱਲੋਂ ਥਾਪਿਆ ਹੋਇਆ ਸਰਬਰਾਹ ਨੌਸ਼ਹਿਰਾ ਦਾ ਸਰਦਾਰ ਬਹਾਦਰ ਅਰੂੜ ਸਿਘ ਸੀ, ਜਿਹੜਾ ਚੜ੍ਹਾਵੇ ਦਾ ਖੁਦ ਹੀ ਸੰਭਾਲੂ ਸੀ, ਉਸ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ। ਨੁਸ਼ਹਿਰਾ ਨੰਗਲ ਦਾ ਅਰੂੜ ਸਿਘ ਥੋੜਾ ਉਰਦੂ ਜਾਣਦਾ ਸੀ ਪਰ ਅੰਗਰੇਜ਼ਾਂ ਨੇ ਉਸ ਨੂੰ ਜੱਜ ਵਾਲੇ ਅਧਿਕਾਰ ਦਿੱਤੇ ਹੋਏ ਸਨ। ਗ੍ਰੰਥੀਆਂ ਤੇ ਪੁਜਾਰੀਆਂ ਨੇ ਲੁੱਟ ਪਾਈ ਹੋਈ ਸੀ। ਸਰਬਰਾਹ ਨੂੰ ਹਟਾਉਣ ਲਈ ਜਦੋਂ ਵੀ ਕੋਈ ਆਵਾਜ਼ ਉੱਠਦੀ ਜਾਂ ਕੋਸ਼ਿਸ਼ ਹੁੰਦੀ ਤਾਂ ਅਧਿਕਾਰੀ ਇਸ ਵੱਲ ਧਿਆਨ ਕਰਨ ਦੀ ਥਾਂ ਉਲਟ ਦੋਸ਼ ਲਾਉਂਦੇ ਕਿ, "ਇਹ ਤਾਂ ਪੜ੍ਹੇ-ਲਿਖੇ ਕੁਝ ਲੋਕਾਂ ਦੀ ਸ਼ਰਾਰਤ ਹੈ।"

ਸਿੱਖ ਪੰਥ ਦੇ ਮੱਥੇ 'ਤੇ ਵੱਡਾ ਕਾਲਖ ਦਾ ਟਿੱਕਾ ਲਾਉਣ ਦਾ ਕੰਮ ਸ.ਬ. ਅਰੂੜ ਸਿਘ ਨੇ ਕਾਮਾਗਾਟਾ ਮਾਰੂ ਸਾਕੇ ਦੇ 376 ਤੇ ਹਜ਼ਾਰਾਂ ਦੀ ਤਦਾਦ ਵਿਚ ਵਿਦੇਸ਼ੋਂ ਆਏ ਗ਼ਦਰੀ ਦੇਸ਼ ਭਗਤਾਂ, ਜਿਨ੍ਹਾਂ ਵਿਚ ਸਭ ਤੋਂ ਵੱਧ ਪੰਜਾਬੀ ਸਿੱਖ ਸਨ, ਦੇ ਵਿਰੁੱਧ ਫਤਵਾ ਜਾਰੀ ਕਰਨਾ ਸੀ। ਜਿੱਥੇ ਰਕਾਬਗੰਜ ਗੁਰਦੁਆਰਾ ਦੀ ਕੰਧ ਢਾਏ ਜਾਣ ਤੋਂ ਪਿੱਛੋਂ ਕਾਮਾਗਾਟਾ ਮਾਰੂ ਸਾਕੇ ਨੇ ਪੰਜਾਬ ਦੇ ਲੋਕਾਂ ਅੰਦਰ ਰੋਸ ਭਰ ਦਿੱਤਾ, ਉੱਥੇ ਇਸ ਡਰ ਤੋਂ ਕਿ ਪੰਜਾਬ ਦੇ ਸਿੱਖ ਭੜਕ ਨਾ ਉੱਠਣ, ਪਹਿਲੇ ਲਾਹੌਰ ਸਾਜ਼ਿਸ਼ ਕੇਸ 1915 ਦੇ ਫੈਸਲੇ ਵਿਚ ਲਿਖਿਆ, "ਮਈ 1914 ਨੂੰ ਕਾਮਾਗਾਟਾ ਮਾਰੂ ਦੇ ਸਵਾਰਾਂ ਤੇ ਗ਼ਦਰੀ ਪ੍ਰਵਾਸੀਆਂ ਦਾ ਮਸਲਾ, ਜਿਸ ਨੇ ਹਿੰਦੁਸਤਾਨੀਆਂ ਨੂੰ ਬਹੁਤ ਬੇਚੈਨ ਕਰ ਦਿੱਤਾ।" ਪੰਜਾਬ ਸਰਕਾਰ ਨੇ ਇੰਗਰੈਂਸ ਆਰਡੀਨੈਂਸ ਜਾਰੀ ਕਰਕੇ ਲੋਕਾਂ ਦੀ ਜ਼ੁਬਾਨਬੰਦੀ ਕਰਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਦਬਾਉਣ ਲਈ ਗੁਰਦੁਆਰੇ ਸ੍ਰੀ ਦਰਬਾਰ ਸਾਹਿਬ ਦੀ ਓਟ ਲੈਂਦਿਆਂ ਆਪਣੇ ਵਫਾਦਾਰ ਸ.ਬ. ਅਰੂੜ ਸਿਘ ਨੂੰ ਇਹ ਕੰਮ ਸੌਂਪ ਦਿੱਤਾ ਕਿ ਉਹ ਅਜਿਹਾ ਫਰਮਾਨ ਜਾਰੀ ਕਰੇ, ਜਿਸ ਨਾਲ ਆਮ ਲੋਕ ਖਾਸ ਕਰਕੇ ਸਿੱਖ ਭਾਈਚਾਰੇ ਅੰਦਰ ਕਾਮਾਗਾਟਾ ਮਾਰੂ ਤੇ 'ਗ਼ਦਰ' ਪਾਰਟੀ ਦੇ ਇਨਕਲਾਬੀਆਂ ਦੇ ਵਿਰੁੱਧ ਨਫ਼ਰਤ ਭਰੀ ਜਾ

ਸਕੇ। 6 ਅਕਤੂਬਰ 1914 ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸ.ਬ. ਅਰੂੜ ਸਿੰਘ ਨੇ ਆਪਣੀ ਪ੍ਰਧਾਨਗੀ ਹੇਠ ਇਕੱਠ ਕੀਤਾ। ਜਿਹੜਾ ਉਸ ਦੇ ਨਿਕਟ ਸੰਬੰਧੀਆਂ ਅਤੇ ਅੰਗਰੇਜ਼ਪ੍ਰਸਤਾਂ ਦਾ ਸੀ। ਫਿਰ ਸ੍ਰੀ ਅਕਾਲ ਤਖ਼ਤ ਤੋਂ ਕਾਮਾਗਾਟਾ ਮਾਰੂ ਦੇ ਸ਼ਹੀਦ ਕੀਤੇ ਗਏ ਮੁਸਾਫਰਾਂ ਸਮੇਤ 376 ਸਵਾਰਾਂ ਅਤੇ ਗ਼ਦਰ ਲਹਿਰ ਦੇ ਦੇਸ਼ ਭਗਤਾਂ ਨੂੰ ਅਸਿੱਖ ਕਹਿ ਕੇ ਅਰੂੜ ਸਿੰਘ ਵੱਲੋਂ ਸਿੱਖੀ ਤੋਂ ਖਾਰਜ ਕਰਨ ਦਾ ਫਤਵਾ ਜਾਰੀ ਕੀਤਾ ਗਿਆ। ਇਸ ਮੌਕੇ ਉਸ ਦੇ ਨਾਲ ਗਿਆਨੀ ਗੁਰਬਖਸ਼ ਸਿੰਘ ਸਕੱਤਰ ਵੀ ਸੀ। ਇਕ ਪਾਸੇ ਗ਼ਦਰੀ ਦੇਸ਼ ਭਗਤਾਂ, ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਬੇਰਹਿਮੀ ਨਾਲ ਜੇਲ੍ਹਾਂ ਵਿਚ ਤੁੰਨਿਆ ਜਾ ਰਿਹਾ ਸੀ, ਦੂਜੇ ਪਾਸੇ ਸਿੱਖ ਆਗੂ ਇਨ੍ਹਾਂ ਮੁਸਾਫਰਾਂ ਨੂੰ ਸਿੱਖ ਨਾ ਹੋਣ ਦਾ ਫਤਵਾ ਦੇ ਰਹੇ ਸਨ। ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਫਤਵੇ ਦੇ ਸਬੰਧ 'ਚ ਆਪਣੀ ਪੁਸਤਕ Sikh History-4 (1860-1925) 'ਚ ਅਰੂੜ ਸਿੰਘ ਦਾ ਜ਼ਿਕਰ ਕੀਤਾ ਹੈ, ਪਰ ਪੂਰੇ ਹਵਾਲੇ ਦੀ ਜਾਣਕਾਰੀ ਦੇਣ ਤੋਂ ਅਸਮਰਥਤਾ ਜਿਤਾਈ ਹੈ। 'ਫਤਵਾ' ਸਰਕਾਰ ਦੇ ਖੁਫ਼ੀਆ ਵਿਭਾਗ ਦੇ ਰਿਕਾਰਡ ਵਿਚ ਇਸ ਤਰ੍ਹਾਂ ਦਰਜ ਹੈ:

6th October 1914 - Punjab

Kamagata Maru-A mass meeting of the Sikh Public was held at the Golden Temple Amritsar, under the Presidency of S.B. Arur Singh to disassociate them selves from the rioters action.

Weekly report from the Director,
Criminal Intelligence,
6th October 1914.

ਕਾਮਾਗਾਟਾ ਮਾਰੂ ਸਾਕੇ ਵਿਰੁੱਧ ਅਤੇ ਗ਼ਦਰ ਪਾਰਟੀ ਵਿਰੁੱਧ ਏਨਾ ਵਾਵੇਲਾ ਖੜ੍ਹਾ ਕਰਨ ਵਾਲਾ ਅਰੂੜ ਸਿੰਘ ਆਪਣੀ ਸਰਬਰਾਹੀ ਦੌਰਾਨ ਅੰਗਰੇਜ਼ੀ ਰਾਜ ਦੀਆਂ ਨੀਹਾਂ ਪੱਕੀਆਂ ਕਰਨ ਲਈ ਗੁਰਦੁਆਰਾ ਦਰਬਾਰ ਸਾਹਿਬ ਤੇ ਦਰਬਾਰ ਸਾਹਿਬ ਤਰਨ ਤਾਰਨ ਨੂੰ ਜਿਨ੍ਹਾਂ ਨਿਵਾਣਾਂ ਤੱਕ ਲੈ ਗਿਆ, ਉਸ ਨੇ ਧਾਰਮਿਕ ਸਥਾਨਾਂ ਦੀ ਪਵਿੱਤਰਤਾ, ਮਾਣ-ਮਰਿਯਾਦਾ ਨੂੰ ਭੰਗ ਹੀ ਨਹੀਂ ਕੀਤਾ, ਸਗੋਂ ਹਰ ਕਿਸਮ ਦੇ ਕੁਕਰਮਾਂ ਲਈ ਮਾਹੌਲ ਪੈਦਾ ਕਰ ਦਿੱਤਾ। ਗਿ. ਹੀਰਾ ਸਿੰਘ 'ਦਰਦ' ਨੇ 'ਮੇਰੀਆਂ ਅਭੁੱਲ ਯਾਦਾਂ' ਵਿੱਚ ਲਿਖਿਆ:

'ਮਥਰਾ ਤੇ ਬਨਾਰਸ ਦੇ ਪਾਂਡਿਆਂ ਦੀ ਠੱਗੀ ਦੀਆਂ ਗੱਲਾਂ ਸੁਣਦਾ ਹੁੰਦਾ ਸਾਂ, ਪਰ ਅੱਜ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੂੰ ਵੇਖ ਕੇ ਮੈਨੂੰ ਲੱਗਾ ਕਿ ਉਨ੍ਹਾਂ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ। ਗੁਰਦੁਆਰੇ ਉਪਰ ਅਮਲੀ ਤੌਰ 'ਤੇ ਸਰਕਾਰੀ ਕਬਜ਼ਾ ਸੀ। ਸਰਕਾਰ ਦਾ ਮੁਕੱਰਰ ਕੀਤਾ ਹੋਇਆ ਸਰਬਰਾਹ ਅਰੂੜ ਸਿੰਘ ਹੁਕਮ ਚਲਾਉਂਦਾ ਸੀ ਅਤੇ ਖੁੰਢੀ ਪੁਜਾਰੀ ਸਿੱਖ ਸੰਗਤਾਂ ਦੀ ਰਤਾ ਪ੍ਰਵਾਹ ਨਹੀਂ ਕਰਦੇ ਸਨ। ਉਹ ਸਰਬਰਾਹ ਤੇ ਹਾਕਮਾਂ ਨੂੰ ਖੁਸ਼ ਰੱਖਦੇ। ਬੁੰਗਿਆਂ ਵਿਚ ਸ਼ਰਾਬਾਂ ਉੱਡਣ ਤੇ ਦੁਰਾਚਾਰਾਂ ਦੀਆਂ ਕਈ ਕਹਾਣੀਆਂ ਲੋਕ ਸੁਣਦੇ ਰਹਿੰਦੇ, ਪਰ 'ਸਈਆ ਭਏ ਕੋਤਵਾਲ ਤੋ ਡਰ ਕਾਹੇ ਕਾ' ਸਰਕਾਰ ਮਾਈ ਬਾਪ ਦਾ ਹੱਥ ਉਨ੍ਹਾਂ ਦੇ ਸਿਰ ਉਪਰ ਸੀ। ਸਰਬਰਾਹ ਅਰੂੜ ਸਿੰਘ ਉਨ੍ਹਾਂ ਦਾ ਧੜੇਦਾਰ ਸੀ, ਪੁਲਸ ਤੇ ਸਥਾਨਕ ਹਾਕਮਾਂ ਨੂੰ ਉਹ ਸਦਾ ਖੁਸ਼ ਰੱਖਦੇ ਸਨ। ਸਿੱਖ ਸੰਗਤਾਂ ਨੂੰ ਉਹ ਟਿੱਚ ਸਮਝਦੇ ਸਨ।'

13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿਚ ਅੰਗਰੇਜ਼ ਅਧਿਕਾਰੀਆਂ ਵੱਲੋਂ ਗੋਲੀ ਚਲਾ ਕੇ 379 ਬੰਦੇ ਸ਼ਹੀਦ, ਦੋ ਹਜ਼ਾਰ ਜ਼ਖਮੀ ਕਰਕੇ ਬਹੁਤ ਸਾਰੇ ਜੇਲ੍ਹੀਂ ਡੱਕ ਦਿੱਤੇ ਗਏ ਸਨ। ਲੋਕਾਂ 'ਤੇ ਦਹਿਸ਼ਤ ਪਾਉਣ ਲਈ ਹਾਕਮਾਂ ਵੱਲੋਂ ਕਰੂਰਤਾ ਦਿਖਾਈ ਗਈ ਸੀ। ਇਸ ਸਾਕੇ ਨਾਲ ਬਣੇ ਦਹਿਸ਼ਤ ਵਾਲੇ ਮਾਹੌਲ ਵਿਚ ਸ.ਬ. ਅਰੂੜ ਸਿੰਘ ਨੇ ਦਰਬਾਰ ਸਾਹਿਬ ਵਿਚ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਨਿਹੱਥੇ, ਅਣਭੋਲ ਲੋਕਾਂ ਦੀ ਕਤਲੋ-ਗਾਰਤ ਦੇ ਬੁੱਚੜ ਜਨਰਲ ਡਾਇਰ ਨੂੰ ਸਨਮਾਨਤ ਕਰਦੇ ਸਮੇਂ ਉਸ ਦੀ ਖੁਸ਼ਾਮਦੀ ਲਈ ਲੇਲੜੀਆਂ ਕੱਢੀਆਂ, ਜਿਸਦਾ ਵੇਰਵਾ ਸੋਹਨ ਸਿੰਘ ਜੋਸ਼ ਦੀ ਪੁਸਤਕ "ਅਕਾਲੀ ਮੋਹਰਿਆਂ ਦਾ ਇਤਿਹਾਸ" ਤੋਂ ਇਲਾਵਾ ਹੋਰ ਇਤਿਹਾਸਕ ਪੁਸਤਕਾਂ ਵਿਚ ਪੜ੍ਹਿਆ ਜਾ ਸਕਦਾ ਹੈ। ਉਸ ਨਾਲ ਅੰਗਰੇਜ਼ ਟੋਡੀਆਂ ਦੇ ਵਿਰੁੱਧ ਨਫ਼ਰਤ ਫੈਲ ਗਈ ਸੀ। 23 ਜੁਲਾਈ 1919 ਨੂੰ ਮਾਰਸ਼ਲ ਲਾਅ ਵਾਪਸ ਲੈਣ ਦੀ ਦੇਰ ਸੀ ਕਿ ਰਵਾਇਤੀ ਸਿੱਖ ਧੜਿਆਂ ਨੂੰ ਨਕਾਰ ਕੇ 27 ਦਸੰਬਰ 1919 ਨੂੰ ਸਿੱਖ ਲੀਗ ਨਾਂਅ ਦੀ ਨਵੀਂ ਜਥੇਬੰਦੀ ਬਣਾਈ ਗਈ।

ਰੌਲਟ ਐਕਟ ਤਹਿਤ ਸਜ਼ਾ ਭੁਗਤ ਕੇ ਅੰਡੇਮਾਨ ਜੇਲ੍ਹ

ਵਿੱਚੋਂ ਰਿਹਾਅ ਹੋ ਕੇ ਜਥੇਦਾਰ ਕਰਤਾਰ ਸਿੰਘ ਝੱਬਰ ਕਲਕੱਤਾ ਹੁੰਦੇ ਹੋਏ ਪੰਜਾਬ ਆਏ ਤਾਂ ਉਸ ਦੇ ਅੰਦਰ ਅੰਗਰੇਜ਼ੀ ਹਕੂਮਤ ਅਤੇ ਅੰਗਰੇਜ਼ਪ੍ਰਸਤਾਂ ਪ੍ਰਤੀ ਨਫ਼ਰਤ ਨੇ ਉਸ ਨੂੰ ਬੇਚੈਨ ਕਰ ਦਿੱਤਾ ਸੀ। ਇਹ ਘਟਨਾ 10, 11, 12 ਅਕਤੂਬਰ 1920 ਦੀ ਹੈ, ਜਦੋਂ ਖਾਲਸਾ ਬਰਾਦਰੀ (ਅਛੂਤ ਜਾਤੀਆਂ) ਵੱਲੋਂ ਪੰਜਾਬ ਭਰ ਦੇ ਰਵਿਦਾਸੀਏ ਸਿੱਖਾਂ ਦਾ ਭਾਰੀ ਦੀਵਾਨ ਜਲ੍ਹਿਆਂਵਾਲੇ ਬਾਗ ਵਿਚ ਕੀਤਾ ਗਿਆ। ਪ੍ਰਸਾਦ ਵਰਤਾਉਣ ਪਿੱਛੋਂ ਉਨ੍ਹਾ ਦੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੜਾਹ ਪ੍ਰਸ਼ਾਦ ਚੜ੍ਹਾਉਣ ਦੀ ਅਪੀਲ ਉਤੇ ਸਾਰੀ ਸੰਗਤ ਅਕਾਲ ਤਖ਼ਤ ਸਾਹਿਬ ਸਾਹਮਣੇ ਸਜ ਗਈ। 12 ਅਕਤੂਬਰ ਨੂੰ ਖਾਲਸਾ ਕਾਲਜ ਦੇ ਕੁਝ ਪ੍ਰੋਫੈਸਰ, ਗੁਰਦੁਆਰਿਆਂ ਵਿਚ ਆਏ ਨਿਘਾਰ ਤੋਂ ਦੁਖੀ ਸਿੱਖਾਂ ਤੇ ਹੋਰ ਪ੍ਰੇਮੀਆਂ ਦੇ ਸਹਿਯੋਗ ਨਾਲ ਸਜੇ ਦੀਵਾਨ ਦੀ ਕਾਰਵਾਈ ਸ਼ੁਰੂ ਕਰਦਿਆਂ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਗ਼ਦਰ ਲਹਿਰ ਤੇ ਕਾਮਾਗਾਟਾ ਮਾਰੂ ਮੁਸਾਫ਼ਰਾਂ ਦੇ ਅੰਡੇਮਾਨ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਦੇਸ਼ ਭਗਤਾ ਦੇ ਹਾਲਾਤ ਦੱਸਦਿਆਂ ਗੁਰਮਤਾ ਪੇਸ਼ ਕੀਤਾ:

'ਸ੍ਰੀ ਅਕਾਲ ਤਖ਼ਤ ਸਾਹਿਬ ਖਾਲਸਾ ਜੀ ਦਾ ਸਜਿਆ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਨੇ ਬਜ ਬਜ ਦੇ ਘਾਟ 'ਤੇ ਅੰਗਰੇਜ਼ ਦਾ ਮੁਕਾਬਲਾ ਕੀਤਾ, ਉਹ ਗੁਰੂ ਦੇ ਸਿੱਖ ਹਨ, ਬਲਕਿ ਉਹ ਗੁਰੂ ਦੇ ਸਿੱਖ ਨਹੀਂ, ਜਿਹੜੇ ਘਰ ਮਨਮਤ ਕਰਦੇ ਹਨ। ਸ.ਬ. ਅਰੂੜ ਸਿੰਘ ਜੋ ਗੁਰਮਤਿ ਪ੍ਰਚਾਰ ਨੂੰ ਬੰਦ ਕਰਕੇ ਘਰ ਵਿਚ ਪੋਪ ਲੀਲਾ ਕਰਦਾ ਹੈ, ਉਹ ਗੁਰੂ ਦਾ ਸਿੱਖ ਨਹੀਂ।'

ਇਹ ਗੁਰਮਤਾ ਸਰਬਸੰਮਤੀ ਨਾਲ ਪਾਸ ਹੋਇਆ, ਜੋ ਜੈਕਾਰਿਆਂ ਦੀ ਗੂੰਜ ਨਾਲ ਸਭ ਨੇ ਪ੍ਰਵਾਨ ਕੀਤਾ।

ਇਥੋਂ ਹੀ ਗੁਰਦੁਆਰਾ ਸੁਧਾਰ ਲਹਿਰ ਦੀ ਸ਼ੁਰੂਆਤ ਸਮੇਂ ਕਾਮਾਗਾਟਾ ਮਾਰੂ ਤੇ ਗ਼ਦਰ ਲਹਿਰ ਦਾ ਸਾਂਝਾ ਪ੍ਰਤੀਕ 'ਬਜ ਬਜ ਘਾਟੀਏ' ਆਜ਼ਾਦੀ ਸੰਗਰਾਮ ਲਈ ਸ਼ਕਤੀ ਤੇ ਜੋਸ਼ ਦਾ ਪ੍ਰੇਰਨਾਸ੍ਰੋਤ ਬਣ ਗਿਆ। ਅੰਗਰੇਜ਼ ਪ੍ਰਸਤ ਸਿੱਖ ਟੋਲਾ ਵਿਸ਼ੇਸ਼ ਕਰਕੇ ਸ.ਬ. ਅਰੂੜ ਸਿੰਘ ਦੀ ਪੰਜਾਬੀਆਂ ਵੱਲੋਂ ਦੂਰ-ਦੂਰ ਹੋਣੀ ਸ਼ੁਰੂ ਹੋ ਗਈ ਅਤੇ ਹਰ ਪਾਸਿਓਂ 'ਗੁਰਦੁਆਰਿਆਂ ਨੂੰ ਬਚਾਓ। ਅਤੇ ਆਪਣੇ ਜਿਊਂਦੇ ਹੋਣ ਦਾ ਸਬੂਤ ਦਿਓ।' ਦੇ ਗੁਰਮਤੇ ਪਾਸ ਹੋਣੇ ਸ਼ੁਰੂ ਹੋ ਗਏ। ਵੱਖ-ਵੱਖ ਕਮੇਟੀਆਂ, ਸਿੱਖ ਸੰਸਥਾਵਾਂ ਵੱਲੋਂ ਅਰੂੜ ਸਿੰਘ ਨੂੰ ਸਿੱਖੀ ਤੋਂ ਖਾਰਜ ਕਰਨ ਦੀ ਮੰਗ ਜ਼ੋਰ ਫੜ ਗਈ। ਇੱਥੇ ਪ੍ਰਸਿੱਧ ਸਿੱਖ ਆਗੂ ਦਾਨ ਸਿੰਘ ਵਿਛੋਏ ਦੇ ਪਿੰਡ ਵਿਚ ਹੋਏ ਅਦੁੱਤੀ ਦੀਵਾਨ ਦਾ ਹਵਾਲਾ ਦੇਣਾ ਜ਼ਰੂਰੀ ਹੈ, ਜਿਸ ਵਿਚ ਅੱਠ ਕੁ ਹਜ਼ਾਰ ਦੇ ਕਰੀਬ ਸਿੱਖ-ਸੰਗਤ ਹਾਜ਼ਰ ਸੀ। ਇਸ ਵਿਚ ਪਾਸ ਕੀਤੇ ਚੋਦਾਂ ਗੁਰਮਤਿਆਂ ਵਿੱਚੋਂ ਦੋ ਇਹ ਸਨ:

'ਪੰਜਾਬ ਦੇ ਪਿਛਲੇ ਲਾਟ ਨੂੰ ਪੰਜਾਬ ਤੋਂ ਜਾਣ ਲੱਗਿਆਂ ਮਾਣ ਪੱਤਰ ਪੇਸ਼ ਕਰਨ ਵਾਲੇ ਸੁੰਦਰ ਸਿੰਘ ਮਜੀਠੀਆ, ਗੁਲਾਬ ਸਿੰਘ ਭਾਰੋਵਾਲੀਆ, ਅਰੂੜ ਸਿੰਘ ਸਰਬਰਾਹ, ਗੁਰਬਖ਼ਸ਼ ਸਿੰਘ ਸਕੱਤਰ ਤਨਖਾਹੀਏ ਹਨ ਤੇ ਇਨ੍ਹਾਂ ਦੇ ਨਾਂਅ ਨਾਲ ਸਰਦਾਰ ਜਾਂ ਭਾਈ ਪਦ ਨਾ ਵਰਤਿਆ ਜਾਵੇ।' (ਗੁਰਮਤਾ ਨੰ. 9)

'ਅੰਡੇਮਾਨ ਦੇ ਸਿੱਖ ਕੈਦੀ ਪੱਕੇ ਸਿੱਖ ਤੇ ਬਾਣੀ ਦੇ ਪ੍ਰੇਮੀ ਹਨ। ਜਿਨ੍ਹਾਂ ਕੁਦਰਤੀ ਸਿੱਖ ਲੀਡਰਾਂ ਨੇ ਉਨ੍ਹਾਂ ਦੇ ਵਿਰੁੱਧ ਗੁਪਤ ਪੱਤਰ ਕੱਢੇ ਸਨ, ਉਹ ਖੁਦ ਸਿੱਖ ਨਹੀਂ ਹਨ। ਤਾਂ ਤੇ ਸਾਰੇ ਪੰਜ ਵੇਰ ਆਖੋ ਕਿ ਅਰੂੜ ਸਿੰਘ ਸਰਬ੍ਰਾਹ ਸਿੱਖ ਨਹੀਂ ਤੇ ਉਸ ਨੂੰ ਲਾਹਨਤ ਹੈ। ਸੁੰਦਰ ਸਿੰਘ ਮਜੀਠੀਆ, ਜਿਸ ਨੇ ਗੁਪਤ ਪੱਤਰ ਕੱਢਵਾਇਆ ਸੀ, ਸਿੱਖ ਨਹੀਂ ਹੈ ਤੇ ਉਸ ਨੂੰ ਵੀ ਲਾਹਨਤ ਆਖੋ। ਸਾਰੀ ਸੰਗਤ ਨੇ ਜ਼ੋਰਦਾਰ ਨਾਹਰਿਆਂ ਨਾਲ ਪੰਜਾਂ ਵੇਰਾਂ ਇਨ੍ਹਾਂ 'ਤੇ ਲਾਹਨਤ ਪਾਈ ਤੇ ਕਿਹਾ ਇਹ ਸਿੱਖ ਨਹੀਂ।'

(ਗੁਰਮਤਾ ਨੰ. 13)

(ਸ਼੍ਰੋ. ਗੁ. ਪ੍ਰੰ. ਕਮੇਟੀ ਕਿਵੇਂ ਬਣੀ ? ਦਿਲਗੀਰ, ਪੰਨਾ 153, 54, 55)

ਇਨ੍ਹਾਂ ਗੁਰਮਤਿਆਂ ਦਾ ਅਰੂੜ ਸਿੰਘ 'ਤੇ ਅਸਰ ਨਾ ਹੋਇਆ ਤਾਂ ਫਿਰ ਗੁਰਦੁਆਰਾ ਸੇਵਕ ਕਮੇਟੀ ਅੰਮ੍ਰਿਤਸਰ ਵੱਲੋਂ ਉਸ ਨੂੰ ਨੋਟਿਸ ਦਿੱਤਾ ਗਿਆ, ਜਿਸ ਵਿੱਚ ਲਿਖਿਆ ਸੀ:

ਨੋਟਿਸ

ਬਨਾਮ ਅਰੂੜ ਸਿੰਘ ਸਰਬਰਾਹ ਦਰਬਾਰ ਸਾਹਿਬ
ਅੰਮ੍ਰਿਤਸਰ ਜੀ ਮਿਆਦੀ ਏਕ ਹਫ਼ਤਾ

ਤੁਮਕੋ ਖਾਲਸਾ ਕੌਮ ਔਰ ਸਿੱਖ ਸੰਗਤ ਨੇ ਬੜੇ ਬੜੇ ਦੀਵਾਨ ਕਰਕੇ ਹੁਕਮ ਦੀਆ ਹੈ ਕਿ ਸਰਬਰਾਹੀ ਸੇ ਫੌਰਨ ਜੁਦਾ ਹੋ ਜਾਓ। ਕਿਉਂਕਿ ਤੁਮਨੇ ਦਰਬਾਰ ਸਾਹਿਬ ਮੇਂ ਵੋਹ ਬਦਇੰਤਜਾਮੀ ਔਰ ਬਦਕਾਮ ਸ਼ੁਰੂ ਕਰਾ ਦੀਏ ਹੈਂ ਜਿਨ ਸੇ ਹਮ ਲੋਗ ਤੰਗ ਆ ਗਏ ਹੈਂ, ਅਬ ਹਮ ਬਰਦਾਸ਼ਤ ਨਹੀਂ ਕਰ ਸਕਤੇ, ਇਸ ਲੀਏ ਇਸ ਨੋਟਸ ਕੇ ਜ਼ਰੀਏ ਇਤਲਾਹ ਦੇਤੇ ਹੈਂ ਕਿ ਅਗਰ ਮਿਆਦ

ਮਜ਼ਬੂਰਾ ਕੇ ਅੰਦਰ ਸਰਬਰਾਹੀ ਨਾ ਛੋੜੇਂਗੇ ਤੋਂ ਬਿਆਨ ਨਿਕਾਲਾ ਜਾਏਗਾ, ਔਰ ਕੌਮ ਤੁਮ ਕੋ ਆਪਣੀ ਤਰਫ ਸੇ ਮੁਰਦਾ ਸਮਝੇਗੀ।

ਗੁਰਦੁਆਰਾ ਸੇਵਕ ਕਮੇਟੀ

21 ਅਗਸਤ 1920 ਅਕਾਲੀ ਲਾਹੌਰ।

ਸਰਬਰਾਹੀ ਤੋਂ ਹਟਾਉਣ ਦੀ ਮੰਗ ਜ਼ੋਰ ਫੜ ਗਈ। ਅਗਸਤ, 1920 ਦੇ 'ਅਕਾਲੀ ਲਾਹੌਰ' ਅਖ਼ਬਾਰ ਨੇ ਇਸ ਤਰ੍ਹਾਂ ਲਿਖਿਆ:

"ਖਰਾਬੀ ਦੀ ਜੜ੍ਹ, ਸਰਬਰਾਹ ਅਰੂੜ ਸਿੰਘ ਹਾਲਾਂ ਤੱਕ ਸਰਬਰਾਹੀ ਦੀ ਕੁਰਸੀ 'ਤੇ ਡਟਿਆ ਹੋਇਆ। ਸਾਡੇ ਪਵਿੱਤਰ ਸ਼ਹੀਦੀ ਅਸਥਾਨ ਨੂੰ ਅਪਵਿੱਤਰ ਕਰ ਰਿਹਾ ਹੈ। ਜਿਸ ਨੂੰ ਸਿੱਖ ਪੰਥ, ਕਈ ਵਾਰੀਆਂ ਤੋਂ ਧੱਕੇ ਮਾਰ ਰਿਹਾ ਹੈ, ਸਰਕਾਰ ਉਸ ਨੂੰ ਸਿੱਖਾਂ ਦਾ ਆਗੂ ਬਣਾ ਰਹੀ ਹੈ। ਅਜਬ ਤਮਾਸ਼ਾ ਹੈ, 'ਜਾਣ ਨਾ ਪਹਿਚਾਣ, ਮੈਂ ਤੇਰਾ ਮਹਿਮਾਨ'।'

24 ਅਗਸਤ 1920 ਨੂੰ ਜਲ੍ਹਿਆਂਵਾਲਾ ਬਾਗ ਵਿਚ ਇਕ ਦੀਵਾਨ ਸਜਿਆ, ਜਿਸ ਵਿਚ ਆ ਕੇ ਅਰੂੜ ਸਿੰਘ ਨੇ ਹੱਥ ਜੋੜ ਕੇ ਕਿਹਾ, *"ਖਾਲਸਾ ਜੀ ਮੇਰੀ 18 ਸਾਲ ਦੀ ਸੇਵਾ ਚੰਗੀ ਜਾਂ ਮੰਦੀ ਨੂੰ ਪ੍ਰਵਾਨ ਕਰੋ, ਮੈਂ ਅਸਤੀਫਾ ਦਿੰਦਾ ਹਾਂ, ਮੇਰਾ ਜਨਾਜ਼ਾ ਨਾ ਕੱਢਿਓ।"*

ਇਸ ਤਰ੍ਹਾਂ ਅਰੂੜ ਸਿੰਘ ਨੂੰ ਹਟਾ ਕੇ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਸਰਬਰਾਹ ਬਣਾਇਆ ਗਿਆ। ਇਨ੍ਹਾਂ ਇਤਿਹਾਸਕ ਤੱਥਾਂ ਤੋਂ ਜ਼ਾਹਰ ਹੈ ਕਿ ਅੰਗਰੇਜ਼ੀ ਰਾਜ ਸਮੇਂ ਸ.ਬ. ਅਰੂੜ ਸਿੰਘ ਸਿੱਖੀ ਦੇ ਭੇਸ ਵਿਚ ਸਿੱਖ ਪੰਥ ਦਾ ਦੋਖੀ ਸੀ।

ਦੇਸ਼ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾ ਰਿਹਾ ਹੈ ਤਾਂ ਸ਼ਹੀਦ ਭਗਤ ਸਿੰਘ ਬਾਰੇ ਕੀਤੀਆਂ ਟਿੱਪਣੀਆਂ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਪੰਜਾਬ ਦੇ ਲੋਕਾਂ ਲਈ ਮੰਦਭਾਗਾ ਸੰਕੇਤ ਹੈ। ਦਰਬਾਰ ਸਾਹਿਬ ਵਿਚੋਂ ਸ਼ਹੀਦ ਭਗਤ ਸਿੰਘ ਦੀ ਫੋਟੋ ਉਤਾਰਨ ਦੇ ਰੌਲੇ ਵਿਚ ਭਾਈ ਰਣਧੀਰ ਸਿੰਘ ਨਾਰੰਗਵਾਲ ਦੇ ਨਾਂਅ ਦੀ ਚਰਚਾ ਵੀ ਹੋਈ ਹੈ। ਭਾਈ ਰਣਧੀਰ ਸਿੰਘ ਦੀਆਂ ਗਦਰ ਪਾਰਟੀ ਵਿੱਚ ਸ਼ਾਮਲ ਹੋ ਕੇ ਕੀਤੀਆਂ ਲਾਸਾਨੀ ਕੁਰਬਾਨੀਆਂ ਨੂੰ, ਉਨ੍ਹਾਂ ਦੀ ਪੁਸਤਕ 'ਜੇਲ੍ਹ ਚਿੱਠੀਆਂ' ਪੜ੍ਹ ਕੇ ਮੁਰਦਾ ਰੂਹਾਂ ਵੀ ਬੋਲ ਪੈਂਦੀਆਂ ਹਨ। ਭਾਈ ਜੀ ਵੀ ਉਨ੍ਹਾਂ ਸੰਗਰਾਮੀਆਂ ਵਿਚ ਸ਼ਾਮਲ ਸਨ, ਜਿਨ੍ਹਾਂ ਵਿਰੁੱਧ ਸਿਮਰਨਜੀਤ ਸਿੰਘ ਮਾਨ ਦੇ ਨਾਨਾ ਸ.ਬ. ਅਰੂੜ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੋਂ ਫਤਵਾ ਜਾਰੀ ਕੀਤਾ ਸੀ। ਅੰਗਰੇਜ਼ ਅਧਿਕਾਰੀ ਜੇਲ੍ਹ ਵਿੱਚ ਜਦੋਂ ਤਰ੍ਹਾਂ-ਤਰ੍ਹਾਂ ਦੇ ਤਸ਼ੱਦਦਾਂ ਦੇ ਐਕਸਪੇਰੀਮੈਂਟ ਭਾਈ ਰਣਧੀਰ ਸਿੰਘ ਉਪਰ ਕਰ ਰਹੇ ਸਨ ਤਾਂ ਸ.ਬ. ਗੱਜਣ ਸਿੰਘ ਤੇ ਅਰੂੜ ਸਿੰਘ ਨੇ ਭਾਈ ਜੀ ਦੀ ਸੁਪਤਨੀ ਬੀਬੀ ਕਰਤਾਰ ਕੌਰ ਦੀ ਦੁਖੀ ਆਤਮਾ ਨੂੰ ਹੋਰ ਤੰਗ-ਪ੍ਰੇਸ਼ਾਨ ਕਰੀ ਰੱਖਿਆ ਸੀ। ਇਸ ਸੰਬੰਧੀ ਛਪਿਆ ਹੋਇਆ 12 ਸਤੰਬਰ 1920 ਦੇ ਅਕਾਲੀ ਅਖ਼ਬਾਰ ਵਿਚ ਬੀਬੀ ਜੀ ਦਾ ਬਿਆਨ, ਜੋ ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਪੁਸਤਕ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?' ਵਿੱਚ ਵੀ ਪੜ੍ਹਿਆ ਜਾ ਸਕਦਾ ਹੈ। ਸ਼ਹੀਦ ਭਗਤ ਸਿੰਘ ਵਿਰੁੱਧ ਬਕਬਕ ਕਰਨਾ ਖਾਨਦਾਨੀ ਸਿੱਖ ਵਿਰਾਸਤ ਵਿਰੋਧੀ ਅਤੇ ਅੰਗਰੇਜ਼ਪ੍ਰਸਤੀ ਪ੍ਰਵਿਰਤੀ ਸਿਮਰਨਜੀਤ ਮਾਨ ਦੀ ਖਾਨਦਾਨੀ ਲਾਗ ਦਾ ਸੰਕੇਤ ਹੀ ਹੈ।

ਰੋਂਦੀ ਏਂ ਇਕ ਨੂੰ, ਇਥੇ ਊਤ ਗਿਆ ਹੈ ਆਵਾ।

